ਸ਼ੁੱਕਰਵਾਰ, 22 ਮਾਰਚ, 2024
9 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 292

ਨਵਾਂ ਜ਼ਮਾਨਾ

DAILY NAWAN ZAMANA • FRIDAY, 22 MARCH, 2024

ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਤਾਮਿਲਨਾਡੂ ਦੇ ਰਾਜਪਾਲ ਦੀ ਤਕੜੀ ਖਿਚਾਈ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਸੀਨੀਅਰ ਡੀ ਐੱਮ ਕੇ ਆਗੂ ਕੇ ਪੋਨਮੂਡੀ ਨੂੰ ਮੰਤਰੀ ਵਜੋਂ ਸਹੁੰ ਚੁਕਾਉਣ ਤੋਂ ਨਾਂਹ ਕਰਨ 'ਤੇ ਤਾਮਿਲਨਾਡੂ ਦੇ ਰਾਜਪਾਲ ਆਰ ਐੱਨ ਰਵੀ ਦੀ ਵੀਰਵਾਰ ਤਕੜੀ ਖਿਚਾਈ ਕੀਤੀ। ਤਿੰਨ ਮੈਂਬਰੀ ਬੈਂਚ ਦੀ ਅਗਵਾਈ ਕਰ ਰਹੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਕਿ ਰਾਜਪਾਲ ਸੁਪਰੀਮ ਕੋਰਟ ਦੀ ਹੁਕਮ-ਅਦੂਲੀ ਕਰ ਰਹੇ ਹਨ। ਨਾਲ ਹੀ ਹਦਾਇਤ ਕੀਤੀ ਕਿ ਉਹ ਪੋਨਮੂਡੀ ਨੂੰ ਸ਼ੁੱਕਰਵਾਰ ਸਹੁੰ ਚੁਕਾਉਣ ਬਾਰੇ ਦੱਸਣ। ਬੈਂਚ, ਜਿਸ ਵਿਚ ਜਸਟਿਸ ਜੇ ਬੀ ਪਾਰਦੀਵਾਲਾ ਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਸਨ, ਨੇ ਰਾਜਪਾਲ ਦੇ ਇਸ ਤਰਕ 'ਤੇ ਕਿੰਤੂ ਕੀਤਾ ਕਿ ਪੋਨਮੂਡੀ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕਰਨਾ ਸੰਵਿਧਾਨਕ ਨੈਤਿਕਤਾ ਦੇ ਖਿਲਾਫ ਹੋਵੇਗਾ। ਚੀਫ ਜਸਟਿਸ ਨੇ ਕਿਹਾ—ਕੋਰਟ ਰਾਜਪਾਲ ਦੇ ਵਿਹਾਰ ਤੋਂ ਗੰਭੀਰ ਪ੍ਰੇਸ਼ਾਨ ਹੈ, ਕਿਉਂਕਿ ਉਨ੍ਹਾਂ ਸੁਪਰੀਮ ਕੋਰਟ ਦੀ ਅਵੱਗਿਆ ਕੀਤੀ ਹੈ। ਅਸੀਂ ਕੋਰਟ ਵਿਚ ਉੱਚੀ ਨਹੀਂ ਬੋਲਣਾ ਚਾਹੁੰਦੇ, ਪਰ ਰਾਜਪਾਲ ਸੁਪਰੀਮ ਕੋਰਟ ਦੀ ਅਵੱਗਿਆ ਕਰ ਰਹੇ ਹਨ। ਜਿਨ੍ਹਾਂ ਉਨ੍ਹਾਂ ਨੂੰ ਸਲਾਹ ਦਿੱਤੀ ਹੈ, ਢੁੱਕਵੀਂ ਸਲਾਹ ਨਹੀਂ ਦਿੱਤੀ। ਰਾਜਪਾਲ ਨੂੰ ਦੱਸਿਆ ਜਾਵੇ ਕਿ ਜਦੋਂ ਸੁਪਰੀਮ ਕੋਰਟ ਸਜ਼ਾ 'ਤੇ ਰੋਕ ਲਾਉਂਦੀ ਹੈ ਤਾਂ ਉਸ ਦਾ ਮਤਲਬ ਰੋਕ ਹੁੰਦਾ ਹੈ। ਬੈਂਚ ਨੇ ਅਟਾਰਨੀ ਜਨਰਲ ਨੂੰ ਕਿਹਾ—ਜੇ ਸਾਨੂੰ ਸ਼ੁੱਕਰਵਾਰ

ਮੰਤਰੀ ਨੂੰ ਸਹੁੰ ਚੁਕਾਉਣ ਤੋਂ ਨਾਂਹ ਕਰਕੇ ਸੁਪਰੀਮ ਕੋਰਟ ਦੀ ਅਵੱਗਿਆ ਕਰ ਰਹੇ : ਚੀਫ ਜਸਟਿਸ

ਰਾਜਪਾਲ ਆਰ ਐੱਨ ਰਵੀ

ਤੱਕ ਤੁਹਾਡੇ ਬੰਦੇ ਤੋਂ ਕੁਝ ਸੁਣਨ ਨੂੰ ਨਾ ਮਿਲਿਆ ਤਾਂ ਅਸੀਂ ਸੰਵਿਧਾਨ ਮੁਤਾਬਕ ਚੱਲਣ ਦਾ ਹੁਕਮ ਪਾਸ ਕਰਾਂਗੇ। ਪੋਨਮੂਡੀ ਨੂੰ ਬੇਹਿਸਾਬੀ ਦੌਲਤ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ ਤੇ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਸੀ, ਪਰ ਸੁਪਰੀਮ ਕੋਰਟ ਨੇ ਸਜ਼ਾ 'ਤੇ ਰੋਕ ਲਾ ਦਿੱਤੀ ਸੀ। ਇਸ ਪਿੱਛੋਂ ਪੋਨਮੂਡੀ ਦੀ ਅਸੰਬਲੀ ਮੈਂਬਰੀ ਬਹਾਲ ਹੋ ਗਈ ਸੀ। ਮੁੱਖ ਮੰਤਰੀ ਐੱਮ ਕੇ ਸਟਾਲਿਨ ਨੇ ਉਸ ਨੂੰ ਮੰਤਰੀ ਬਣਾਉਣ ਦੀ ਸਿਫਾਰਸ਼ ਕੀਤੀ, ਪਰ ਰਾਜਪਾਲ ਨੇ ਮਨਜ਼ੂਰ ਨਹੀਂ ਕੀਤੀ। ਰਾਜਪਾਲ ਨੇ ਐਤਵਾਰ ਸੂਬਾ ਸਰਕਾਰ ਨੂੰ ਪੱਤਰ ਵਿਚ ਕਿਹਾ ਕਿ ਉਹ ਪੋਨਮੂਡੀ ਨੂੰ ਮੰਤਰੀ ਵਜੋਂ ਸਹੁੰ ਨਹੀਂ ਚੁਕਾ ਸਕਦੇ, ਕਿਉਂਕਿ ਸੁਪਰੀਮ ਕੋਰਟ ਨੇ ਸਜ਼ਾ ਰੱਦ ਨਹੀਂ ਕੀਤੀ ਹੈ।

ਕੋਰਟ ਨੇ ਕਿਹਾ—ਜਦੋਂ ਸੁਪਰੀਮ ਕੋਰਟ ਨੇ ਸਜ਼ਾ ਵਿਰੁੱਧ ਸਟੇਅ ਦੇ ਦਿੱਤਾ ਹੈ ਤਾਂ ਰਾਜਪਾਲ ਨੂੰ ਇਹ ਕਹਿਣ ਦਾ ਹੱਕ ਨਹੀਂ ਕਿ ਸਜ਼ਾ ਦਾ ਹੁਕਮ ਖਾਰਜ ਨਹੀਂ ਕੀਤਾ ਗਿਆ। ਜਦੋਂ ਦੋਸ਼ੀ ਠਹਿਰਾਏ ਜਾਣ ਵਾਲੇ ਹੁਕਮ ਦਾ ਮੂਲ ਹਿੱਸਾ ਖਾਰਜ ਕਰ ਦਿੱਤਾ ਗਿਆ ਹੈ ਤਾਂ ਤੁਸੀਂ ਮੰਤਰੀ ਨੂੰ ਦਾਗੀ ਨਹੀਂ ਕਹਿ ਸਕਦੇ। ਹੁਕਮਰਾਨ ਡੀ ਐੱਮ ਕੇ ਨੇ ਪਟੀਸ਼ਨ ਵਿਚ ਦੋਸ਼ ਲਾਇਆ ਸੀ ਕਿ ਰਾਜਪਾਲ ਵੱਲੋਂ ਪੋਨਮੂਡੀ ਨੂੰ ਸਹੁੰ ਨਾ ਚੁਕਾਉਣਾ ਸੰਵਿਧਾਨ ਦੀ ਉਲੰਘਣਾ ਹੈ ਤੇ ਉਹ ਅਹੁਦੇ 'ਤੇ ਬਣੇ ਰਹਿਣ ਦੇ ਲਾਇਕ ਨਹੀਂ। ਪਾਰਟੀ ਦੇ ਰਾਜ ਸਭਾ ਮੈਂਬਰ ਤੇ ਸੀਨੀਅਰ ਵਕੀਲ ਪੀ ਵਿਲਸਨ ਨੇ ਕਿਹਾ ਕਿ ਰਾਜਪਾਲ ਨੇ ਸੁਪਰੀਮ ਕੋਰਟ ਦੇ ਹੁਕਮ ਨੂੰ ਆਪਣੇ ਢੰਗ ਨਾਲ ਹੀ ਪ੍ਰੀਭਾਸ਼ਤ ਕੀਤਾ ਹੈ ਕਿ ਸਜ਼ਾ ਮੁਅੱਤਲ ਕੀਤੀ ਗਈ ਹੈ, ਰੱਦ ਨਹੀਂ ਕੀਤੀ ਗਈ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਗ੍ਰਿਫ਼ਤਾਰ

ਈ ਡੀ ਦੀ ਟੀਮ ਵੱਲੋਂ ਮੁੱਖ ਮੰਤਰੀ ਦੇ ਘਰ ਦੀ ਤਲਾਸ਼ੀ

ਨਵੀਂ ਦਿੱਲੀ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਵੀਰਵਾਰ ਦੇਰ ਰਾਤ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਗ੍ਰਿਫਤਾਰ ਕਰ ਲਿਆ ਹੈ। ਘਰ 'ਚ ਲੰਬੀ ਪੁੱਛਗਿੱਛ ਤੋਂ ਬਾਅਦ ਜਾਂਚ ਏਜੰਸੀ ਨੇ ਕੇਜਰੀਵਾਲ ਨੂੰ ਮੁੱਖ ਮੰਤਰੀ ਹਾਊਸ ਤੋਂ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਪਹਿਲਾਂ ਵੀ ਈਡੀ ਨੇ ਕੇਜਰੀਵਾਲ ਦਾ ਮੋਬਾਈਲ ਫ਼ੋਨ ਜ਼ਬਤ ਕੀਤਾ ਸੀ, ਜਿਸ ਤੋਂ ਬਾਅਦ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਈਡੀ ਸ਼ੁੱਕਰਵਾਰ ਨੂੰ ਮੁੱਖ ਮੰਤਰੀ ਕੇਜਰੀਵਾਲ ਨੂੰ ਅਦਾਲਤ ਵਿੱਚ ਪੇਸ਼ ਕਰੇਗੀ। ਇਸ ਤੋਂ ਪਹਿਲਾਂ ਦਿੱਲੀ ਹਾਈ ਕੋਰਟ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਸਖਤ ਕਾਰਵਾਈ ਤੋਂ ਸੁਰੱਖਿਆ ਦੇਣ ਤੋਂ ਵੀਰਵਾਰ ਇਨਕਾਰ ਕਰ ਦਿੱਤਾ। ਹੁਣ ਸਬੂਤਾਂ ਦੇ ਆਧਾਰ 'ਤੇ ਈ ਡੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਕੇਜਰੀਵਾਲ ਨੇ ਆਪਣੀ ਅਰਜ਼ੀ ਵਿਚ ਕਿਹਾ ਸੀ ਕਿ ਕੋਰਟ ਈ ਡੀ ਨੂੰ ਕੋਈ ਵੀ ਦੰਡਾਤਮਕ ਕਾਰਵਾਈ ਨਾ ਕਰਨ ਦੀ ਹਦਾਇਤ ਦੇਵੇ। ਜਸਟਿਸ ਸੁਰੇਸ਼ ਕੁਮਾਰ ਕਾਇਤ ਤੇ ਜਸਟਿਸ ਮਨੋਜ ਜੈਨ ਨੇ ਕਿਹਾ ਕਿ ਕੋਰਟ ਇਸ ਪੜਾਅ 'ਤੇ ਕੇਜਰੀਵਾਲ ਨੂੰ ਰਾਹਤ ਨਹੀਂ ਦੇ ਸਕਦੀ। ਹਾਈ ਕੋਰਟ ਦੇ ਫੈਸਲੇ ਨੂੰ ਕੇਜਰੀਵਾਲ ਸੁਪਰੀਮ ਕੋਰਟ ਵਿਚ ਚੁਣੌਤੀ ਦੇਣਗੇ। ਹਾਈ ਕੋਰਟ ਦੇ ਫੈਸਲੇ ਤੋਂ ਬਾਅਦ ਈ ਡੀ ਅਧਿਕਾਰੀ ਸਰਚ ਵਾਰੰਟ ਲੈ ਕੇ ਸ਼ਾਮੀਂ ਕੇਜਰੀਵਾਲ ਦੇ ਘਰ ਪੁੱਜ ਗਏ ਤੇ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਈ ਡੀ ਅਧਿਕਾਰੀਆਂ ਨੇ ਕੇਜਰੀਵਾਲ ਦੇ ਸਟਾਫ ਨੂੰ ਦੱਸਿਆ ਕਿ ਉਨ੍ਹਾ ਕੋਲ ਸਰਚ ਵਾਰੰਟ ਹਨ। ਕੇਜਰੀਵਾਲ ਈ ਡੀ ਦੇ ਸੰਮਨਾਂ 'ਤੇ ਅਜੇ ਤਕ ਉਸ ਅੱਗੇ ਪੇਸ਼ ਨਹੀਂ ਹੋਏ।

ਰਹਿੰਦੇ 5 ਉਮੀਦਵਾਰਾਂ ਦਾ ਐਲਾਨ ਪੰਜ ਦਿਨਾਂ 'ਚ : ਮਾਨ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਲਈ ਰਹਿੰਦੇ ਪੰਜ ਉਮੀਦਵਾਰਾਂ ਦਾ ਐਲਾਨ ਅਗਲੇ ਪੰਜ ਦਿਨਾਂ ਵਿਚ ਕਰ ਦਿੱਤਾ ਜਾਵੇਗਾ। ਆਮ ਆਦਮੀ ਪਾਰਟੀ ਅੱਠ ਉਮੀਦਵਾਰਾਂ ਦਾ ਐਲਾਨ ਪਹਿਲਾਂ ਹੀ ਕਰ ਚੁੱਕੀ ਹੈ।

ਦੋ ਨਵੇਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ 'ਤੇ ਸਟੇਅ ਨਹੀਂ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਦੋ ਨਵੇਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ 'ਤੇ ਰੋਕ ਲਗਾਉਣ ਦੀ ਅਪੀਲ ਕਰਨ ਵਾਲੀਆਂ ਅਰਜ਼ੀਆਂ ਨੂੰ ਵੀਰਵਾਰ ਰੱਦ ਕਰ ਦਿੱਤਾ। ਉਸ ਨੇ ਕਿਹਾ ਕਿ ਚੋਣ ਅਮਲ ਸ਼ੁਰੂ ਹੋ ਚੁੱਕਾ ਹੈ, ਇਸ ਕਰਕੇ ਖਲਲ ਪਾਉਣਾ ਠੀਕ ਨਹੀਂ ਹੋਵੇਗਾ। ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਦੀਪਾਂਕਰ ਦੱਤਾ ਦੀ ਬੈਂਚ ਨੇ ਕਿਹਾ ਕਿ ਉਹ ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰਾਂ (ਨਿਯੁਕਤੀ, ਸੇਵਾ ਅਤੇ ਹੋਰ ਸ਼ਰਤਾਂ) ਐਕਟ, 2023 ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਮੁੱਖ ਪਟੀਸ਼ਨਾਂ 'ਤੇ ਗੌਰ ਕਰੇਗੀ, ਪਰ ਨਿਯੁਕਤੀ 'ਤੇ ਰੋਕ ਲਈ ਅਰਜ਼ੀਆਂ ਨੂੰ ਰੱਦ ਕੀਤਾ ਜਾਂਦਾ ਹੈ।

ਕੇਂਦਰ ਨੂੰ ਵਟਸਐਪ ਸੰਦੇਸ਼ ਭੇਜਣ ਤੋਂ ਰੋਕਿਆ

ਨਵੀਂ ਦਿੱਲੀ : ਚੋਣ ਕਮਿਸ਼ਨ ਨੇ ਵੀਰਵਾਰ ਕੇਂਦਰ ਨੂੰ ਨਿਰਦੇਸ਼ ਦਿੱਤਾ ਕਿ ਉਹ 'ਵਿਕਸਤ ਭਾਰਤ' ਸੰਪਰਕ ਤਹਿਤ ਵੱਡੀ ਗਿਣਤੀ ਵਿਚ ਵਟਸਐਪ ਸੰਦੇਸ਼ ਭੇਜਣਾ ਤੁਰੰਤ ਬੰਦ ਕਰੇ। ਵਿਕਸਤ ਭਾਰਤ ਸੰਪਰਕ ਦਾ ਉਦੇਸ਼ ਸਰਕਾਰ ਦੀਆਂ ਵੱਖ-ਵੱਖ ਪਹਿਲਕਦਮੀਆਂ ਨੂੰ ਉਜਾਗਰ ਕਰਨਾ ਹੈ। ਮਾਮਲੇ ਸਬੰਧੀ ਸ਼ਿਕਾਇਤ ਮਿਲਣ ਤੋਂ ਬਾਅਦ ਕਮਿਸ਼ਨ ਨੇ ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੂੰ ਇਸ ਸੰਬੰਧੀ ਹਦਾਇਤਾਂ ਜਾਰੀ ਕੀਤੀਆਂ ਹਨ।

ਭੁਚਾਲ ਦੇ ਝਟਕੇ

ਮੁੰਬਈ : ਮਹਾਰਾਸ਼ਟਰ ਦੇ ਨਾਂਦੇੜ ਅਤੇ ਪਰਭਾਨੀ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਵਿਚ ਵੀਰਵਾਰ ਸਵੇਰੇ ਭੂਚਾਲ ਦੇ ਹਲਕੇ ਝਟਕੇ ਮਹਿਸੂਸ ਕੀਤੇ ਗਏ। ਜਾਨੀ ਜਾਂ ਮਾਲੀ ਨੁਕਸਾਨ ਦੀ ਸੂਚਨਾ ਨਹੀਂ ਹੈ। ਸਵੇਰੇ 6.09 ਵਜੇ 4.5 ਤੇ ਇਸ ਤੋਂ ਬਾਅਦ ਸਵੇਰੇ 6.19 ਵਜੇ 3.6 ਦੀ ਸ਼ਿੱਦਤ ਨਾਲ ਝਟਕੇ ਮਹਿਸੂਸ ਕੀਤੇ ਗਏ।

ਪਨੂੰ ਮਾਮਲੇ 'ਚ ਭਾਰਤ ਸਹਿਯੋਗ ਕਰ ਰਿਹੈ : ਅਮਰੀਕਾ

ਵਾਸ਼ਿੰਗਟਨ : ਅਮਰੀਕਾ ਖਾਲਿਸਤਾਨੀ ਵੱਖਵਾਦੀ ਗੁਰਪਤਵੰਤ ਸਿੰਘ ਪਨੂੰ ਦੇ ਕਤਲ ਦੀ ਸਾਜ਼ਿਸ਼ ਰਚਣ ਵਾਲਿਆਂ ਨੂੰ ਜਵਾਬਦੇਹ ਠਹਿਰਾਉਣ ਲਈ ਭਾਰਤ ਸਰਕਾਰ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਬਾਇਡਨ ਪ੍ਰਸ਼ਾਸਨ ਨੇ ਇਹ ਜਾਣਕਾਰੀ ਦਿੱਤੀ। ਪਿਛਲੇ ਸਾਲ ਨਵੰਬਰ 'ਚ ਸੰਘੀ ਵਕੀਲਾਂ ਨੇ ਭਾਰਤੀ ਨਾਗਰਿਕ ਨਿਖਿਲ ਗੁਪਤਾ 'ਤੇ ਪਨੂੰ ਦੀ ਹੱਤਿਆ ਦੀ ਨਾਕਾਮ ਸਾਜ਼ਿਸ਼ 'ਚ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਪਨੂੰ ਕੋਲ ਅਮਰੀਕਾ ਅਤੇ ਕੈਨੇਡਾ ਦੀ ਦੋਹਰੀ ਨਾਗਰਿਕਤਾ ਹੈ। ਅਮਰੀਕੀ ਸੰਘੀ ਵਕੀਲਾਂ ਨੇ ਦੋਸ਼ ਲਾਇਆ ਸੀ ਕਿ ਗੁਪਤਾ ਭਾਰਤ ਸਰਕਾਰ ਦੇ ਅਧਿਕਾਰੀ ਨਾਲ ਕੰਮ ਕਰ ਰਿਹਾ ਸੀ ਅਤੇ ਨਿਊਯਾਰਕ ਸਿਟੀ 'ਚ ਰਹਿਣ ਵਾਲੇ ਪਨੂੰ ਨੂੰ ਮਾਰਨ ਲਈ ਹਿੱਟਮੈਨ ਨੂੰ 100,000 ਡਾਲਰ ਦੇਣ ਲਈ ਸਹਿਮਤ ਹੋਇਆ ਸੀ। ਭਾਰਤ ਨੇ ਦੋਸ਼ਾਂ ਦੀ ਜਾਂਚ ਲਈ ਪਹਿਲਾਂ ਹੀ ਕਮੇਟੀ ਕਾਇਮ ਕਰ ਰੱਖੀ ਹੈ।

ਸਾਰੀ ਜਾਣਕਾਰੀ ਚੋਣ ਕਮਿਸ਼ਨ ਨੂੰ ਦੇ ਦਿੱਤੀ : ਐੱਸ ਬੀ ਆਈ

ਨਵੀਂ ਦਿੱਲੀ : ਭਾਰਤੀ ਸਟੇਟ ਬੈਂਕ (ਐੱਸ ਬੀ ਆਈ) ਨੇ ਵੀਰਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸ ਨੇ ਚੋਣ ਕਮਿਸ਼ਨ ਨੂੰ ਚੋਣ ਬਾਂਡ ਬਾਰੇ ਉਸ ਕੋਲ ਉਪਲੱਬਧ ਸਾਰੀ ਜਾਣਕਾਰੀ ਮੁਹੱਈਆ ਕਰ ਦਿੱਤੀ ਹੈ। ਸੁਪਰੀਮ ਕੋਰਟ 'ਚ ਦਾਇਰ ਹਲਫਨਾਮੇ 'ਚ ਬੈਂਕ ਦੇ ਚੇਅਰਮੈਨ ਨੇ ਕਿਹਾ ਕਿ ਸਾਈਬਰ ਸੁਰੱਖਿਆ ਕਾਰਨਾਂ ਨੂੰ ਧਿਆਨ 'ਚ ਰੱਖਦੇ ਹੋਏ ਸਿਆਸੀ ਪਾਰਟੀਆਂ ਦੇ ਪੂਰੇ ਬੈਂਕ ਖਾਤੇ ਨੰਬਰ ਅਤੇ ਕੇ ਵਾਈ ਸੀ ਵੇਰਵੇ ਜਨਤਕ ਨਹੀਂ ਕੀਤੇ ਗਏ।

ਅਭਿਸ਼ੇਕ ਦੀ ਚਰਚਾ

ਲਖਨਊ : ਚਰਚਾ ਗਰਮ ਹੈ ਕਿ ਸਮਾਜਵਾਦੀ ਪਾਰਟੀ ਅਭਿਸ਼ੇਕ ਬੱਚਨ ਨੂੰ ਖਜੁਰਾਹੋ ਤੋਂ ਲੋਕ ਸਭਾ ਲਈ ਉਮੀਦਵਾਰ ਬਣਾ ਸਕਦੀ ਹੈ। ਇੱਥੋਂ ਭਾਜਪਾ ਨੇ ਸੂਬਾ ਪ੍ਰਧਾਨ ਵਿਸ਼ਣੂ ਦੱਤ ਸ਼ਰਮਾ ਨੂੰ ਉਮੀਦਵਾਰ ਬਣਾਇਆ ਹੈ। ਕਾਂਗਰਸ ਨੇ ਸਮਝੌਤੇ ਤਹਿਤ ਮੱਧ ਪ੍ਰਦੇਸ਼ ਦੀ ਇਹ ਸੀਟ ਸਪਾ ਲਈ ਛੱਡੀ ਹੈ। ਅਭਿਸ਼ੇਕ ਦੀ ਮਾਤਾ ਜਯਾ ਭਾਦੂੜੀ ਸਪਾ ਦੀ ਰਾਜ ਸਭਾ ਮੈਂਬਰ ਹੈ। ਉਹ ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਪੈਦਾ ਹੋਈ ਸੀ।

ਪੰਜਾਬ ਦੇ 5 ਐੱਸ ਐੱਸ ਪੀ ਬਦਲਣ ਦੇ ਹੁਕਮ

ਨਵੀਂ ਦਿੱਲੀ : ਭਾਰਤੀ ਚੋਣ ਕਮਿਸ਼ਨ ਨੇ ਗੈਰ-ਕੇਡਰ ਅਧਿਕਾਰੀਆਂ ਲਈ ਤਬਾਦਲੇ ਦੇ ਆਦੇਸ਼ ਜਾਰੀ ਕੀਤੇ ਹਨ, ਜੋ ਚਾਰ ਰਾਜਾਂ ਗੁਜਰਾਤ, ਪੰਜਾਬ, ਓਡੀਸ਼ਾ ਅਤੇ ਪੱਛਮੀ ਬੰਗਾਲ ਵਿਚ ਡੀ ਸੀ ਤੇ ਐੱਸ ਐੱਸ ਪੀ/ਐੱਸ ਪੀ ਤਾਇਨਾਤ ਹਨ। ਜ਼ਿਲ੍ਹੇ ਵਿਚ ਡੀ ਸੀ ਅਤੇ ਐੱਸ ਐੱਸ ਪੀ ਦੇ ਅਹੁਦੇ ਕ੍ਰਮਵਾਰ ਭਾਰਤੀ ਪ੍ਰਸ਼ਾਸਨਕ ਅਤੇ ਭਾਰਤੀ ਪੁਲਸ ਸੇਵਾ ਦੇ ਅਧਿਕਾਰੀਆਂ ਲਈ ਹਨ। ਕਮਿਸ਼ਨ ਨੇ ਪੰਜਾਬ ਵਿਚ ਪਠਾਨਕੋਟ, ਫਾਜ਼ਿਲਕਾ, ਜਲੰਧਰ ਦਿਹਾਤੀ ਅਤੇ ਮਾਲੇਰਕੋਟਲਾ ਦੇ ਐੱਸ ਐੱਸ ਪੀ ਨੂੰ ਬਦਲਣ ਦਾ ਹੁਕਮ ਦਿੱਤਾ ਹੈ। ਇਸ ਤੋਂ ਇਲਾਵਾ ਕਮਿਸ਼ਨ ਨੇ ਚੁਣੇ ਹੋਏ ਰਾਜਨੀਤਕ ਨੁਮਾਇੰਦਿਆਂ ਨਾਲ ਰਿਸ਼ਤੇਦਾਰੀ ਜਾਂ ਪਰਵਾਰਕ ਸੰਬੰਧਾਂ ਦੇ ਮੱਦੇਨਜ਼ਰ ਐੱਸ ਐੱਸ ਪੀ ਬਠਿੰਡਾ ਅਤੇ ਆਸਾਮ ਵਿਚ ਐੱਸ ਪੀ ਸੋਨੀਤਪੁਰ ਦੇ ਤਬਾਦਲੇ ਦੇ ਨਿਰਦੇਸ਼ ਵੀ ਦਿੱਤੇ ਹਨ। ਇਸੇ ਦੌਰਾਨ ਚੋਣ ਕਮਿਸ਼ਨ ਨੇ ਗੁਰਦਾਸਪੁਰ ਦੇ ਡੀ ਸੀ ਹਿਮਾਂਸ਼ੂ ਅਗਰਵਾਲ ਨੂੰ ਜਲੰਧਰ ਦਾ ਨਵਾਂ ਡੀ ਸੀ ਲਾਇਆ ਹੈ। ਜਲੰਧਰ ਤੋਂ ਬਦਲੇ ਗਏ ਵਿਸ਼ੇਸ਼ ਸਾਰੰਗਲ ਨੂੰ ਗੁਰਦਾਸਪੁਰ ਦਾ ਡੀ ਸੀ ਬਣਾਇਆ ਗਿਆ ਹੈ। ਜਗਦਲੇ ਨਿਲਾਂਬਰੀ ਵਿਜੇ ਨੂੰ ਡੀ ਆਈ ਜੀ ਰੋਪੜ ਰੇਂਜ ਤੇ ਰਾਕੇਸ਼ ਕੌਸ਼ਲ ਨੂੰ ਡੀ ਆਈ ਜੀ ਬਾਰਡਰ ਰੇਂਜ ਲਾਇਆ ਗਿਆ ਹੈ।

ਕਾਂਗਰਸ ਨੂੰ ਵਿੱਤੀ ਤੌਰ 'ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ : ਸੋਨੀਆ

ਨਵੀਂ ਦਿੱਲੀ : ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਵੀਰਵਾਰ ਪਾਰਟੀ ਦੇ ਬੈਂਕ ਖਾਤਿਆਂ ਨੂੰ ਫ੍ਰੀਜ਼ ਕਰਨ ਦੇ ਮੁੱਦੇ 'ਤੇ ਦੋਸ਼ ਲਾਇਆ ਕਿ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਾਂਗਰਸ ਨੂੰ ਵਿੱਤੀ ਤੌਰ 'ਤੇ ਕਮਜ਼ੋਰ ਕਰਨ ਦੀ ਸਾਜ਼ਿਸ਼ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਸੋਨੀਆ ਗਾਂਧੀ ਨੇ ਕਿਹਾ-ਪ੍ਰਧਾਨ ਮੰਤਰੀ ਵੱਲੋਂ ਕਾਂਗਰਸ ਨੂੰ ਵਿੱਤੀ ਤੌਰ 'ਤੇ ਕਮਜ਼ੋਰ ਕਰਨ ਲਈ ਸਾਜ਼ਿਸ਼ ਕੀਤੀ ਜਾ ਰਹੀ ਹੈ। ਲੋਕਾਂ ਤੋਂ ਇਕੱਠੇ ਕੀਤੇ ਫੰਡ ਨੂੰ ਰੋਕਿਆ ਜਾ ਰਿਹਾ ਹੈ ਅਤੇ ਸਾਡੇ ਖਾਤਿਆਂ ਤੋਂ ਜ਼ਬਰਦਸਤੀ ਪੈਸੇ ਕਢਵਾਏ ਜਾ ਰਹੇ ਹਨ। ਇਨ੍ਹਾਂ ਸਭ ਤੋਂ ਚੁਣੌਤੀਪੂਰਨ

22-MAR-PAGE-1.qxd 3/21/2024 10:35 PM Page 2

ਨਦੀਨਾਂ ਤੇ ਚਿੱਟੀ ਮੱਖੀ ਦੇ ਖਾਤਮੇ ਲਈ ਮੁਹਿੰਮ ਜਾਰੀ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸਿਵਲ ਸਰਜਨ ਬਠਿੰਡਾ ਡਾ ਤੇਜਵੰਤ ਸਿੰਘ ਢਿੱਲੋਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫ਼ਸਰ ਡਾ ਗੁਰਮੇਲ ਸਿੰਘ ਦੀ ਅਗਵਾਈ ਹੇਠ ਬਲਾਕ ਬਾਲਿਆਂਵਾਲੀ 'ਚ ਨਦੀਨਾਂ ਦੇ ਖਾਤਮੇ ਅਤੇ ਚਿੱਟੀ ਮੱਖੀ ਦੀ ਰੋਕਥਾਮ ਲਈ ਮੁਹਿੰਮ ਚੱਲ ਰਹੀ ਹੈ।ਡਾ ਗੁਰਮੇਲ ਸਿੰਘ ਨੇ ਦੱਸਿਆ ਕਿ ਸਿਹਤ ਵਿਭਾਗ ਦੀਆਂ ਹਦਾਇਤਾਂ ਮੁਤਾਬਕ ਬਲਾਕ ਬਾਲਿਆਂਵਾਲੀ ਅਧੀਨ ਸਮੂਹ ਸਿਹਤ ਸੰਸਥਾਵਾਂ ਦੇ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਨਦੀਨਾਂ ਨੂੰ ਨਸ਼ਟ ਕਰਨ ਵਾਲੀ ਮੁਹਿੰਮ ਤਹਿਤ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਸਫਾਈ ਕਰਾ ਕੇ ਨਦੀਨਾਂ ਨੂੰ ਖਤਮ ਕੀਤਾ ਜਾਵੇ ਤਾਂ ਜੁ ਪੈਦਾ ਹੋਣ ਵਾਲੀ ਚਿੱਟੀ ਮੱਖੀ ਦੇ ਨੁਕਸਾਨ ਤੋਂ ਬਚਾਇਆ ਜਾ ਸਕੇ।ਸਿਹਤ ਸੁਪਰਵਾਈਜਰ ਪਵਨ ਕੁਮਾਰ ਤੇ ਕਰਮਜੀਤ ਸਿੰਘ ਮੰਡੀ ਕਲਾਂ ਨੇ ਦੱਸਿਆ ਕਿ ਸੀ ਐੱਚ ਸੀ ਬਾਲਿਆਂਵਾਲੀ ਵਿਖੇ ਆਲੇ-ਦੁਆਲੇ ਖੜੇ ਨਦੀਨਾਂ ਨੂੰ ਖਤਮ ਕਰਕੇ ਸਫਾਈ ਕਰਾਈ ਗਈ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਨਦੀਨਾਂ ਤੇ ਪਨਾਹ ਲੈਂਦੀ ਚਿੱਟੀ ਮੱਖੀ ਦੇ ਨੁਕਸਾਨ ਤੋਂ ਬਚਿਆ ਜਾ ਸਕੇ।ਇਸ ਮੌਕੇ ਸਿਹਤ ਕਰਮਚਾਰੀ ਅਵਤਾਰ ਸਿੰਘ, ਜਗਸੀਰ ਸਿੰਘ, ਪਰੈਟੀ ਸ਼ਰਮਾ ਤੇ ਸੰਦੀਪ ਕੁਮਾਰ ਹਾਜ਼ਰ ਸਨ।

ਲਾਇਨਜ਼ ਕਲੱਬ ਦੇ ਸਰਬਸੰਮਤੀ ਨਾਲ ਸੰਨੀ ਸਿੰਗਲਾ ਬਣੇ ਪ੍ਰਧਾਨ

ਨਾਭਾ (ਵਰਿੰਦਰ ਵਰਮਾ)-ਸਾਲ 2024-25 ਲਈ ਲਾਇਨਜ਼ ਕਲੱਬ ਸਮੂਹ ਮੈਂਬਰਾਂ ਵੱਲੋਂ ਸਰਬ ਸੰਮਤੀ ਨਾਲ ਲਾਇਨ ਸੰਨੀ ਸਿੰਗਲਾ ਨੂੰ ਪ੍ਰਧਾਨ ਚੁਣ ਲਿਆ।ਇਸ ਮੌਕੇ ਨਵ ਨਿਯੁਕਤ ਪ੍ਰਧਾਨ ਸੰਨੀ ਸਿੰਗਲਾ ਨੇ ਸਾਰੇ ਕਲੱਬ ਦੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਮਿਹਨਤ ਨਾਲ ਲਾਇਨਜ਼ ਕਲੱਬ ਨਾਭਾ ਨੂੰ ਹੋਰ ਬੁਲੰਦੀਆਂ 'ਤੇ ਲੈ ਕੇ ਜਾਣ ਦੀ ਕੋਸ਼ਿਸ਼ ਕਰਨਗੇ ਤੇ ਆਉਣ ਵਾਲੇ ਸਮੇਂ ਵਿੱਚ ਲਾਇਨ ਇੰਟਰਨੈਸ਼ਨਲ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਮੁਤਾਬਕ ਪ੍ਰੋਜੈਕਟਾਂ ਨੂੰ ਪੂਰਾ ਕੀਤਾ ਜਾਵੇਗਾ। ਸੰਨੀ ਸਿੰਗਲਾ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਤੋਂ ਸਮਾਜ ਭਲਾਈ ਦੇ ਕਾਰਜ ਸ਼ੁਰੂ ਕੀਤੇ ਜਾਣਗੇ।ਇਸ ਮੌਕੇ ਲਾਇਨ ਸੰਨੀ ਸਿੰਗਲਾ ਨੇ ਆਉਣ ਵਾਲੇ ਸਾਲ ਲਈ ਆਪਣੀ ਟੀਮ ਦਾ ਗਠਨ ਕੀਤਾ, ਜਿਸ ਵਿੱਚ ਸੈਕਟਰੀ ਲਾਇਨ ਗਿਰਧਾਰੀ ਲਾਲ ਬਾਂਸਲ, ਖ਼ਜ਼ਾਨਚੀ ਲਾਇਨ ਸੋਮਨਾਥ ਢੱਲ, ਵਾਈਸ ਪ੍ਰਧਾਨ ਲਾਇਨ ਚਰਨਦੀਪ ਸਿੰਘ ਅਤੇ ਲਾਇਨ ਵਿਨੋਦ ਚਾਵਲਾ ਨੂੰ ਚੁਣਿਆ ਗਿਆ।ਇਸ ਮੌਕੇ ਸੰਨੀ ਸਿੰਗਲਾ ਨੇ ਸਾਰੇ ਲਾਇਨ ਮੈਂਬਰਾਂ ਦਾ ਧੰਨਵਾਦ ਵੀ ਕੀਤਾ। ਮੀਟਿੰਗ ਵਿੱਚ ਪ੍ਰਧਾਨ ਲਾਇਨ ਸੁਭਾਸ਼ ਸਹਿਗਲ, ਲਾਇਨ ਪ੍ਰੋ. ਸੁਰਿੰਦਰ ਬੀਰ ਸਿੰਘ ਸੋਠੀ, ਖਜ਼ਾਨਚੀ ਲਾਇਨ ਰਕੇਸ਼ ਸਿੰਗਲਾ, ਲਾਇਨ ਗੁਰਮੀਤ ਸਿੰਘ, ਲਾਇਨ ਰੀਤ ਇਕਬਾਲ ਸਿੰਘ, ਲਾਇਨ ਟੀ ਮੁਕੇਸ਼, ਲਾਇਨ ਲਕਸ਼ਮੀ ਨਰੈਣ, ਲਾਇਨ ਰਿਸ਼ਭ ਸਹਿਗਲ, ਲਾਇਨ ਰਾਜੇਸ਼ ਬਾਂਸਲ, ਅਮਰੀਕ ਸਿੰਘ ਗਿੱਲ, ਡਾਕਟਰ ਮੁਲਖਰਾਜ, ਡਾਕਟਰ ਐਲਸੀ ਮਦਾਨ, ਸੁਰਿੰਦਰ ਸਿੰਗਲਾ, ਧਨੰਜੇ ਵਾਲੀਆ ਤੇ ਭਾਰੀ ਗਿਣਤੀ ਵਿੱਚ ਕਲੱਬ ਮੈਂਬਰ ਮੌਜੂਦ ਸਨ।

ਲਾਲੀ ਨੂੰ ਬਣਾਇਆ ਜਾਵੇ ਕਾਂਗਰਸ ਪਾਰਟੀ ਦਾ ਜ਼ਿਲ੍ਹਾ ਪ੍ਰਧਾਨ : ਗੁਰਜੀਤ ਮਾਲਵਾ

ਅਮਲੋਹ (ਲਖਵੀਰ ਸਿੰਘ, ਹਰਚਰਨ ਉਪਲ)-ਫ਼ਤਿਹਗੜ੍ਹ ਸਾਹਿਬ ਤੋਂ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਰਹੇ ਗੁਰਪ੍ਰੀਤ ਸਿੰਘ ਜੀਪੀ ਦੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਜਾਣ ਤੋਂ ਬਾਅਦ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਫਿਲਹਾਲ ਕਾਂਗਰਸ ਪਾਰਟੀ ਦਾ ਕੋਈ ਜ਼ਿਲ੍ਹਾ ਪ੍ਰਧਾਨ ਨਹੀਂ ਚੁਣਿਆ ਗਿਆ, ਜਿਸ ਤੋਂ ਬਾਅਦ ਕਾਂਗਰਸੀ ਆਗੂਆਂ ਤੇ ਵਰਕਰਾਂ ਦੇ ਵੱਲੋਂ ਹਾਈਕਮਾਂਡ ਨੂੰ ਅਪੀਲ ਕੀਤੀ ਕਿ ਲੋਕ ਸਭਾ ਚੋਣਾਂ ਨੂੰ ਦੇਖਦੇ ਹੋਏ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪ੍ਰਧਾਨ ਨੂੰ ਜਲਦ ਤੋਂ ਜਲਦ ਨਿਯੁਕਤ ਕੀਤਾ ਜਾਵੇ। ਕਾਂਗਰਸੀ ਆਗੂ ਗੁਰਜੀਤ ਸਿੰਘ ਮਾਲਵਾ ਨੇ ਕਾਂਗਰਸ ਹਾਈਕਮਾਂਡ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਮੰਡੀ ਗੋਬਿੰਦਗੜ੍ਹ ਦੇ ਸੀਨੀਅਰ ਕਾਂਗਰਸੀ ਆਗੂ ਲਾਲ ਸਿੰਘ ਲਾਲੀ ਨੂੰ ਕਾਂਗਰਸ ਪਾਰਟੀ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਜਾਵੇ ਕਿਉਂਕਿ ਲਾਲੀ ਪਿਛਲੇ ਲੰਮੇ ਸਮੇਂ ਤੋਂ ਕਾਂਗਰਸ ਪਾਰਟੀ ਦੀ ਸੇਵਾ ਕਰਦੇ ਆ ਰਹੇ ਹਨ।ਉਨ੍ਹਾਂ ਦੱਸਿਆ ਕਿ ਲਾਲੀ ਲੰਮਾ ਸਮਾਂ ਕਾਂਗਰਸ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਦੇ ਅਹੁਦੇ ਤੇ ਵੀ ਰਹੇ ਹਨ।ਉਨ੍ਹਾਂ ਕਿਹਾ ਕਿ ਜੇਕਰ ਲਾਲੀ ਨੂੰ ਜਿਲਾ ਪ੍ਰਧਾਨ ਨੂੰ ਨਿਯੁਕਤ ਕੀਤਾ ਜਾਂਦਾ ਹੈ, ਇਸ ਨਾਲ ਕਾਂਗਰਸ ਪਾਰਟੀ ਜ਼ਿਲ੍ਹੇ ਵਿੱਚ ਹੋਰ ਮਜ਼ਬੂਤ ਹੋਵੇਗੀ।

ਲੋਕਤੰਤਰ ਦੀ ਮਜ਼ਬੂਤੀ ਲਈ ਹਰ ਵੋਟਰ ਦਾ ਜਾਗਰੂਕ ਹੋਣਾਂ ਜ਼ਰੂਰੀ : ਗਗਨਦੀਪ ਸਿੰਘ

ਬੁਢਲਾਡਾ (ਅਸ਼ੋਕ ਲਾਕੜਾ)-ਲੋਕਤੰਤਰ ਦੀ ਮਜ਼ਬੂਤੀ ਲਈ ਹਰ ਵੋਟਰ ਦਾ ਜਾਗਰੂਕ ਹੋਣਾਂ ਜ਼ਰੂਰੀ ਹੈ ਤਾਂ ਜੁ ਚੋਣ ਕਮਿਸ਼ਨ ਵੱਲੋਂ ਨਿਰਧਾਰਤ 'ਇਸ ਵਾਰ 70 ਪਾਰ' ਦੇ ਵੋਟਿੰਗ ਟੀਚੇ ਨੂੰ ਪੂਰਾ ਕੀਤਾ ਜਾ ਸਕੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਐਸ.ਡੀ.ਐਮ. ਬੁਢਲਾਡਾ ਸ਼੍ਰੀ ਗਗਨਦੀਪ ਸਿੰਘ ਨੇ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਸਵੀਪ ਦਾ ਸਟੀਕਰ ਜਾਰੀ ਕਰਨ ਮੌਕੇ ਕੀਤਾ।ਉਨ੍ਹਾਂ ਪੰਜਾਬ ਰੋਡਵੇਜ਼ ਅਤੇ ਪ੍ਰਾਈਵੇਟ ਬੱਸਾਂ 'ਤੇ ਵੋਟ ਦੀ ਮਹੱਤਤਾ ਨੂੰ ਦਰਸਾਉਂਦੇ ਸਟੀਕਰ ਲਾ ਕੇ ਨਿਵੇਕਲੀ ਸ਼ੁਰੂਆਤ ਕੀਤੀ ਤਾਂ ਜੁ ਹਰੇਕ ਵੋਟਰ ਆਪਣੀ ਵੋਟ ਦੇ ਅਧਿਕਾਰ ਤੋਂ ਜਾਗਰੂਕ ਹੋ ਸਕੇ।ਉਨ੍ਹਾਂ ਕਿਹਾ ਕਿ ਬੱਸਾਂ ਨੇ ਵੱਖ-ਵੱਖ ਸ਼ਹਿਰਾਂ, ਪਿੰਡਾਂ, ਕਸਬਿਆਂ 'ਚ ਜਾਣਾ ਹੁੰਦਾ ਹੈ, ਜਿਸ ਨਾਲ ਵੋਟ ਦੀ ਅਹਿਮੀਅਤ ਦਾ ਸੰਦੇਸ਼ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚ ਸਕੇਗਾ ਤੇ ਵੋਟਰਾਂ ਨੂੰ ਜਾਗਰੂਕ ਕਰਨ ਲਈ ਸਵੀਪ ਮੁਹਿੰਮ ਦਾ ਇਹ ਉਪਰਾਲਾ ਵਧੇਰੇ ਲਾਹੇਵੰਦ ਸਾਬਤ ਹੋਵੇਗਾ।ਉਨ੍ਹਾਂ ਕਿਹਾ ਕਿ ਅਸੀਂ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਵਿੱਚ ਰਹਿੰਦੇ ਹਾਂ।ਇਸ ਨੂੰ ਮਜਬੂਤ ਬਣਾਉਣ ਲਈ ਵੋਟਰਾਂ ਦਾ ਲੋਕ ਸਭਾ ਚੋਣਾਂ ਦੇ ਚੋਣ ਮੇਲੇ ਵਿੱਚ ਸਹਿਭਾਗੀ ਹੋਣਾ ਬਹੁਤ ਜ਼ਰੂਰੀ ਹੈ।ਦੇਸ਼ ਨੂੰ ਵਿਕਸਤ ਰਾਹਾਂ 'ਤੇ ਤੋਰਨ ਲਈ ਵੋਟਰਾਂ ਨੂੰ ਆਪਣੀ ਵੋਟ ਦੀ ਵਰਤੋਂ ਜਾਗਰੂਕ ਹੋ ਕੇ ਕਰਨੀ ਚਾਹੀਦੀ ਹੈ।

ਸਿਹਤ ਵਿਭਾਗ ਨੇ ਓਰਲ ਹੈਲਥ ਸੰਬੰਧੀ ਲਾਇਆ ਜਾਗਰੂਕਤਾ ਸੈਮੀਨਾਰ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਡਾਇਰੈਕਟਰ ਸਿਹਤ ਤੇ ਪਰਵਾਰ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ 'ਵਿਸ਼ਵ ਓਰਲ ਦਿਵਸ' ਨੂੰ ਸਮਰਪਤ ਜ਼ਿਲ੍ਹੇ ਅੰਦਰ 20 ਤੋਂ 31 ਮਾਰਚ ਤੱਕ ਓਰਲ ਹੈਲਥ ਸਬੰਧੀ ਜਾਗਰੂਕਤਾ ਸੈਮੀਨਾਰ ਲਾਏ ਜਾ ਰਹੇ ਹਨ, ਜਿਸ ਤਹਿਤ ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ ਦੀ ਅਗਵਾਈ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਕਾਰ ਸਿੰਘ ਦੀ ਦੇਖ-ਰੇਖ ਹੇਠ ਜ਼ਿਲ੍ਹਾ ਹਸਪਤਾਲ ਵਿਖੇ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਤੇ ਜਾਗਰੂਕਤਾ ਪੋਸਟਰ ਜਾਰੀ ਕੀਤੇ ਗਏ।ਪੋਸਟਰ ਜਾਰੀ ਕਰਦਿਆਂ ਡਾ. ਦਵਿੰਦਰਜੀਤ ਕੌਰ ਨੇ ਕਿਹਾ ਕਿ ਜਾਗਰੂਕ ਹੋ ਕੇ ਹੀ ਦੰਦਾਂ ਤੇ ਮੂੰਹ ਦੀ ਸਾਫ਼-ਸਫ਼ਾਈ ਦਾ ਖਿਆਲ ਰੱਖਿਆ ਜਾ ਸਕਦਾ ਹੈ, ਜੋ ਤੰਦਰੁਸਤ ਜੀਵਨ ਲਈ ਜ਼ਰੂਰੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਦੰਦਾਂ ਤੇ ਮੂੰਹ ਦੀ ਸਾਫ਼ ਸਫ਼ਾਈ ਤੇ ਤੰਦਰੁਸਤੀ ਲਈ ਸਾਨੂੰ ਦਿਨ ਵਿੱਚ ਦੋ ਵਾਰੀ ਭਾਵ ਰਾਤ ਨੂੰ ਖਾਣਾ ਖਾਣ ਤੋਂ ਬਾਅਦ ਤੇ ਸਵੇਰੇ ਨਾਸ਼ਤੇ ਤੋਂ ਬਾਅਦ ਬੁਰਸ਼ ਜਰੂਰ ਕਰਨਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਇਸ ਹਫ਼ਤੇ ਦੌਰਾਨ ਜ਼ਿਲ੍ਹਾ ਹਸਪਤਾਲ, ਸਬ ਡਿਵੀਜ਼ਨਲ ਹਸਪਤਾਲ ਤੇ ਕਮਿਊਨਿਟੀ ਸਿਹਤ ਸੈਂਟਰਾਂ ਵਿੱਚ ਦੰਦਾਂ ਦੀ ਸਿਹਤ ਸਬੰਧੀ ਜਾਗਰੂਕ ਕਰਨ ਦੇ ਨਾਲ-ਨਾਲ ਦੰਦਾਂ ਤੇ ਓਰਲ ਹੈਲਥ ਦਾ ਵਿਸ਼ੇਸ਼ ਚੈੱਕਅਪ ਵੀ ਕੀਤਾ ਜਾਵੇਗਾ।ਉਨ੍ਹਾਂ ਦੱਸਿਆ ਕਿ ਸਕੂਲਾਂ ਵਿੱਚ ਸਿਹਤ ਵਿਭਾਗ ਦੀਆਂ ਆਰਬੀਐਸਕੇ ਟੀਮਾਂ ਵੱਲੋਂ ਬੱਚਿਆਂ ਦੇ ਦੰਦਾਂ ਦਾ ਚੈੱਕਅਪ, ਦੰਦਾਂ ਦੀ ਸਾਂਭ ਸੰਭਾਲ ਸਬੰਧੀ ਅਤੇ ਓਰਲ ਹੈਲਥ ਸਬੰਧੀ ਉਹਨਾਂ ਨੂੰ ਜਾਗਰੂਕ ਕੀਤਾ ਜਾਵੇਗਾ।ਸੀਨੀਅਰ ਮੈਡੀਕਲ ਅਫ਼ਸਰ ਡਾ. ਬਲਕਾਰ ਸਿੰਘ ਤੇ ਦੰਦਾਂ ਦੇ ਮਾਹਿਰ ਡਾ. ਤਰੁਨਦੀਪ ਕੌਰ ਨੇ ਬੁਰਸ਼ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਸਾਨੂੰ ਮਸੂੜਿਆਂ ਦੀ ਵੀ ਮਸਾਜ ਕਰਨੀ ਚਾਹੀਦੀ।ਉਨ੍ਹਾਂ ਇਹ ਵੀ ਕਿਹਾ ਕਿ ਹਮੇਸ਼ਾ ਨਰਮ ਬੁਰਸ਼ ਦੀ ਵਰਤੋਂ, ਦੰਦਾਂ ਦੇ ਨਾਲ-ਨਾਲ ਜੀਭ ਦੀ ਵੀ ਸਫ਼ਾਈ, ਸੰਤੁਲਤ ਭੋਜਨ ਦੀ ਵਰਤੋਂ ਚਿਪਚਿਪੇ ਅਤੇ ਮਿੱਠੇ ਭੋਜਨ ਤੋਂ ਗੁਰੇਜ਼ ਕੀਤੀ ਜਾਵੇ ਅਤੇ ਹਰ ਛੇ ਮਹੀਨੇ ਬਾਅਦ ਦੰਦਾਂ ਦੇ ਮਾਹਰ ਡਾਕਟਰ ਕੋਲ ਚੈੱਕਅਪ ਕਰਾਇਆ ਜਾਵੇ।

ਸਕੂਲਾਂ ਨੂੰ ਮਿੱਡ ਡੇ ਮੀਲ ਦੀ ਰਾਸ਼ੀ ਅਗੇਤੀ ਖਰਚਣ ਦੇ ਫੁਰਮਾਨ

■ ਵਿਭਾਗ ਦੇ ਨਾਦਰਸ਼ਾਹੀ ਹੁਕਮਾਂ ਦਾ ਡਟਵਾਂ ਵਿਰੋਧ ਕਰਾਂਗੇ : ਡੀ ਟੀ ਐੱਫ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦਾ ਬਾਬਾ ਆਲਮ ਹੀ ਨਿਰਾਲਾ ਹੈ।ਇੱਕ ਪਾਸੇ ਵਿਦਿਆਰਥੀਆਂ ਦੀਆਂ ਸਾਲਾਨਾ ਪ੍ਰੀਖਿਆਵਾਂ ਚੱਲ ਰਹੀਆਂ ਹਨ, ਦੂਜੇ ਪਾਸੇ ਵਿੱਦਿਅਕ ਟੂਰ, ਸਾਲਾਨਾ ਮੇਲੇ, ਈਕੋ ਕਲੱਬ, ਕੈਰੀਅਰ ਗਾਈਡੈਂਸ ਤੇ ਕੌਂਸਲਿੰਗ ਦੀਆਂ ਗ੍ਰਾਂਟਾਂ ਖਰਚਣ ਦੀ ਸਿਰ ਦਰਦੀ ਸਕੂਲ ਮੁਖੀਆਂ ਤੇ ਅਧਿਆਪਕਾਂ ਲਈ ਜੀਅ ਦਾ ਜੰਜਾਲ ਬਣ ਰਹੀ ਹੈ। ਵਿਭਾਗ ਵੱਲੋਂ ਜਾਰੀ ਨਵੇਂ ਫੁਰਮਾਨ ਅਨੁਸਾਰ ਮਿੱਡ ਡੇ ਮੀਲ ਦੀ ਰਾਸ਼ੀ ਅਗੇਤੀ ਜਾਰੀ ਕਰਾਉਣ ਤੇ ਇਸ ਰਾਸ਼ੀ ਨੂੰ ਨਿੱਲ ਜਾਂ ਖਰਚ ਕਰਨ ਦੀਆਂ ਹਦਾਇਤਾਂ ਨੇ ਮਿੱਡ ਡੇ ਮੀਲ ਦਾ ਪ੍ਰਬੰਧ ਚਲਾ ਰਹੇ ਅਧਿਆਪਕਾਂ ਨੂੰ ਚੱਕਰਾਂ ਵਿੱਚ ਪਾ ਦਿੱਤਾ ਹੈ।

ਪ੍ਰਤੀਨਿਧ ਅਧਿਆਪਕ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ ਜ਼ਿਲ੍ਹਾ ਸਕੱਤਰ ਜੀਵਨ ਸਿੰਘ ਬਧਾਈ ਨੇ ਵਿਭਾਗੀ ਹੁਕਮਾਂ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਕਿ ਸਿੱਖਿਆ ਵਿਭਾਗ ਦੀ ਅਫ਼ਸਰਸ਼ਾਹੀ ਸਕੂਲ ਪੱਧਰ 'ਤੇ ਜ਼ਮੀਨੀ ਹਕੀਕਤਾਂ ਨੂੰ ਅੱਖੋਂ-ਪਰੋਖੇ ਕਰਕੇ ਬੇਮੁਹਾਰੇ ਤੇ ਆਪ ਹੁਦਰੇ ਢੰਗ ਨਾਲ ਕੰਮ ਕਰ ਰਹੀ ਹੈ।ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਸੇਤੀਆ, ਮੀਤ ਪ੍ਰਧਾਨ ਪਰਮਿੰਦਰ ਖੋਖਰ ਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਵਾਕਿਫ਼ ਨੇ ਦੱਸਿਆ ਕਿ ਕੁਝ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਛੁੱਟੀ ਵਾਲੇ ਦਿਨ ਮਿੱਡ ਡੇ ਮੀਲ ਦੀ ਰਾਸ਼ੀ ਦੇ ਵਾਊਚਰ ਕੱਟੇ ਜਾਣ ਅਤੇ ਇਸ ਰਾਸ਼ੀ ਨੂੰ ਹਰ ਹਾਲਤ ਵਿੱਚ ਖ਼ਰਚ ਕੀਤਾ ਜਾਵੇ।ਅਣਗਹਿਲੀ ਦੀ ਜ਼ਿੰਮੇਵਾਰੀ ਸਕੂਲ ਮੁਖੀਆਂ ਦੀ ਹੋਵੇਗੀ।ਅਧਿਆਪਕ ਆਗੂਆਂ ਨੇ ਇਸ ਵਰਤਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਅਫ਼ਸਰਸ਼ਾਹੀ ਦੀ ਹਰ ਸੰਭਵ ਕੋਸ਼ਿਸ਼ ਹੁੰਦੀ ਹੈ ਕਿ ਮੁਲਾਜ਼ਮਾਂ ਨੂੰ 24 ਘੰਟੇ ਦੇ ਮੁਲਾਜ਼ਮ ਸਾਬਿਤ ਕੀਤਾ ਜਾਵੇ, ਜਦੋਂਕਿ ਸ਼ਿਕਾਗੋ ਦੇ ਸ਼ਹੀਦਾਂ ਨੇ ਸ਼ਹਾਦਤਾਂ ਦੇ ਕੇ ਕੰਮ ਦੇ 8 ਘੰਟੇ ਕਰਾਏ ਸਨ।

ਆਗੂਆਂ ਨੇ ਇਸ ਤਰ੍ਹਾਂ ਦੇ ਵਰਤਾਰੇ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ।ਇਸ ਸਮੇਂ ਜ਼ਿਲ੍ਹਾ ਆਗੂ ਵਰਿੰਦਰ ਬਹਿਲ, ਗੁਰਵਰਿਆਮ ਸਰਾਵਾਂ, ਗੁਰਪ੍ਰੀਤ ਲੰਬੀ, ਜਸਵਿੰਦਰ ਖੁੱਡੀਆਂ, ਕੁਲਦੀਪ ਸ਼ਰਮਾ, ਅਮਿਤ ਬੱਬਰ, ਤੇਜਿੰਦਰ ਸੋਥਾ, ਹਰਬੰਸ ਲਾਲ, ਸੁਖਜੀਤ ਥਾਂਦੇਵਾਲਾ, ਹਰਪ੍ਰੀਤ ਲੰਬੀ ਢਾਬ, ਕੁਲਵਿੰਦਰ ਗੁਲਾਬੇ ਵਾਲਾ, ਮਨਜਿੰਦਰ ਭੱਟੀ ਸਰਬਜੀਤ ਭਾਗਸਰ, ਵਰਿੰਦਰਜੀਤ ਬਿੱਟਾ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਆਗੂ ਹਾਜ਼ਰ ਸਨ।

ਸੂਬੇ 'ਚ ਵਿਕ ਰਹੀ ਜ਼ਹਿਰੀਲੀ ਸ਼ਰਾਬ ਨੂੰ ਰੋਕ ਨਾ ਪਾਉਣਾ ਸਰਕਾਰ ਦੀ ਨਾਕਾਮੀ : ਸੰਧੂ

■ ਪੀੜਤਾਂ ਨੂੰ ਮੁਆਵਜ਼ਾ ਤੇ ਦੋਸ਼ੀਆਂ ਲਈ ਸਖਤ ਸਜ਼ਾ ਦੀ ਕੀਤੀ ਮੰਗ

ਸੰਗਰੂਰ (ਪ੍ਰਵੀਨ ਸਿੰਘ) : ਲੋਕ ਸਭਾ ਹਲਕਾ ਸੰਗਰੂਰ ਤੋਂ ਐੱਮ. ਪੀ. ਸ੍ਰ. ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਥੇਬੰਦਕ ਸਕੱਤਰ ਸ੍ਰ. ਗੋਵਿੰਦ ਸਿੰਘ ਸੰਧੂ ਨੇ ਕਿਹਾ ਕਿ ਸੂਬੇ ਵਿੱਚ ਜ਼ਹਿਰੀਲੀ ਸ਼ਰਾਬ ਦੀ ਵਿਕਰੀ ਹੋਣਾ ਤੇ ਉਸ ਨਾਲ ਗਰੀਬ ਮਜ਼ਦੂਰਾਂ ਦੀ ਮੌਤ ਹੋ ਜਾਣਾ ਬਹੁਤ ਹੀ ਮੰਦਭਾਗੀ ਘਟਨਾ ਹੈ, ਜੋ ਕਿ ਸੂਬਾ ਸਰਕਾਰ ਦੀ ਨਾਕਾਮੀ ਨੂੰ ਉਜਾਗਰ ਕਰਦੀ ਹੈ। ਸ੍ਰ. ਸੰਧੂ ਮ੍ਰਿਤਕਾਂ ਦੇ ਪਰਵਾਰਾਂ ਨਾਲ ਦੁੱਖ ਸਾਂਝਾ ਕਰਨ ਲਈ ਪਹ

22-MAR-PAGE-3.qxd 3/21/2024 10:55 PM Page 1

ਜ਼ਿਲ੍ਹਾ ਤੇ ਵਿਧਾਨ ਸਭਾ ਹਲਕਾ ਪੱਧਰ 'ਤੇ ਕੰਟਰੋਲ ਰੂਮ ਸਥਾਪਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ) - ਡਾ. ਹਿਮਾਂਸ਼ੂ ਅਗਰਵਾਲ, ਜ਼ਿਲ੍ਹਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਚੋਣਾਂ ਨਾਲ ਸਬੰਧਿਤ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਜਾਂ ਸ਼ਿਕਾਇਤ ਦਰਜ਼ ਕਰਵਾਉਣ ਲਈ ਜ਼ਿਲ੍ਹਾ ਹੈੱਡ-ਕੁਆਰਟਰ ਅਤੇ ਏ.ਆਰ.ਓ. ਹੈੱਡ-ਕੁਆਰਟਰ 'ਤੇ ਵਿਸ਼ੇਸ਼ ਕੰਟਰੋਲ ਰੂਮ ਸਥਾਪਿਤ ਕੀਤੇ ਗਏ ਹਨ, ਜੋ 24 ਘੰਟੇ ਖੁੱਲ੍ਹੇ ਰਹਿਣਗੇ। ਉਨ੍ਹਾਂ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਸਥਾਪਤ ਕੀਤੇ ਗਏ ਕੰਟਰੋਲ ਰੂਮ ਦਾ ਨੋਡਲ ਅਫ਼ਸਰ ਜਸਕਰਨਜੀਤ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਗੁਰਦਾਸਪੁਰ ਨੂੰ ਲਗਾਇਆ ਗਿਆ ਹੈ ਜੋ ਵੋਟਰ ਹੈਲਪ ਲਾਈਨ ਨੰਬਰ 1950 ਉੱਪਰ ਆਈਆਂ ਸ਼ਿਕਾਇਤਾਂ ਉੱਪਰ ਕਾਰਵਾਈ ਕਰਨਗੇ। ਇਸ ਤੋਂ ਇਲਾਵਾ ਜ਼ਿਲ੍ਹਾ ਪ੍ਰਸ਼ਾਸਨ ਦੇ ਹੈਲਪ ਲਾਈਨ ਨੰਬਰ 1800-180-1852 ਉੱਪਰ ਵੀ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਲ੍ਹਾ ਚੋਣ ਅਧਿਕਾਰੀ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਤੋਂ ਇਲਾਵਾ ਏ.ਆਰ.ਓ. ਹੈੱਡ-ਕੁਆਰਟਰ ਉੱਪਰ ਵੀ ਵਿਸ਼ੇਸ਼ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ। ਐੱਸ.ਡੀ.ਐੱਮ. ਗੁਰਦਾਸਪੁਰ (ਏ.ਆਰ.ਓ. 4-ਗੁਰਦਾਸਪੁਰ) ਦੇ ਕੰਟਰੋਲ ਰੂਮ ਦਾ ਨੰਬਰ 01874-245175 ਹੈ। ਐੱਸ.ਡੀ.ਐਮ. ਦੀਨਾਨਗਰ (ਏ.ਆਰ.ਓ. 5-ਦੀਨਾਨਗਰ (ਅ.ਜ਼) ਦੇ ਕੰਟਰੋਲ ਰੂਮ ਦਾ ਨੰਬਰ 01875-222303, ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ (ਏ.ਆਰ.ਓ. 6-ਕਾਦੀਆਂ) ਦੇ ਕੰਟਰੋਲ ਰੂਮ ਦਾ ਨੰਬਰ 01872-247978, ਐੱਸ.ਡੀ.ਐੱਮ. ਬਟਾਲਾ (ਏ ਆਰ ਓ 7-ਬਟਾਲਾ) ਦੇ ਕੰਟਰੋਲ ਰੂਮ ਦਾ ਨੰਬਰ 01871-240036, ਐੱਸ.ਡੀ.ਐੱਮ. ਕਲਾਨੌਰ (ਏ.ਆਰ.ਓ. 8-ਸ੍ਰੀ ਹਰਗੋਬਿੰਦਪੁਰ (ਅ.ਜ਼.)- 01872-297450, ਐੱਸ.ਡੀ.ਐੱਮ. ਫ਼ਤਿਹਗੜ੍ਹ ਚੂੜੀਆਂ (ਏ.ਆਰ.ਓ. 9-ਫ਼ਤਿਹਗੜ੍ਹ ਚੂੜੀਆਂ) ਦਾ ਨੰਬਰ 01871-298220 ਅਤੇ ਐੱਸ.ਡੀ.ਐੱਮ. ਡੇਰਾ ਬਾਬਾ ਨਾਨਕ (ਏ.ਆਰ.ਓ. 10-ਡੇਰਾ ਬਾਬਾ ਨਾਨਕ) ਦੇ ਕੰਟਰੋਲ ਰੂਮ ਦਾ ਨੰਬਰ 01871-247420 ਹੈ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਪੱਧਰ ਦੇ ਇਹ ਕੰਟਰੂਮ ਵੀ 24 ਘੰਟੇ ਖੁੱਲ੍ਹੇ ਰਹਿਣਗੇ ਅਤੇ ਚੋਣ ਜ਼ਾਬਤੇ ਦੀ ਉਲੰਘਣਾਂ ਜਾਂ ਚੋਣਾਂ ਸਬੰਧੀ ਕਿਸੇ ਜਾਣਕਾਰੀ ਲਈ ਇਨ੍ਹਾਂ ਨੰਬਰਾਂ ਉੱਪਰ ਸੰਪਰਕ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਚੋਣ ਜ਼ਾਬਤੇ ਨਾਲ ਸਬੰਧਤ ਕੋਈ ਵੀ ਸ਼ਿਕਾਇਤ ਸੀ-ਵਿਜਲ ਐਪ ਉੱਪਰ ਵੀ ਕੀਤੀ ਜਾ ਸਕਦੀ ਹੈ।

ਅਸਲਾ ਧਾਰਕ ਤੁਰੰਤ ਆਪਣਾ ਅਸਲਾ ਜਮ੍ਹਾਂ ਕਰਾਉਣ : ਡੀ ਐੱਸ ਪੀ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)-ਭਾਰਤੀ ਚੋਣ ਕਮਿਸ਼ਨ ਅਤੇ ਜਿਲ੍ਹਾ ਪੁਲਸ ਮੁਖੀ ਸੁਰਿੰਦਰ ਲਾਂਬਾ ਵੱਲੋਂ ਜਾਰੀ ਸਖਤ ਹਦਾਇਤਾਂ ਅਨੁਸਾਰ ਚੋਣਾਂ ਦੇ ਮੱਦੇਨਜ਼ਰ ਲਾਇਸੈਂਸ ਧਾਰਕ ਆਪਣਾ ਅਸਲਾ ਨਜ਼ਦੀਕੀ ਥਾਣੇ ਵਿਚ ਜਮ੍ਹਾ ਕਰਵਾਉਣ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਡੀ ਐੱਸ ਪੀ ਸਬ ਡਿਵੀਜ਼ਨ ਟਾਂਡਾ ਹਰਜੀਤ ਸਿੰਘ ਰੰਧਾਵਾ ਅਤੇ ਥਾਣਾ ਟਾਂਡਾ ਦੇ ਐੱਸ ਐੱਚ ਓ ਰਮਨ ਕੁਮਾਰ ਨੇ ਕਿਹਾ ਕਿ ਚੋਣਾਂ ਦੇ ਮੱਦੇਨਜ਼ਰ ਅਮਨ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਸੀਨੀਅਰ ਪੁਲਸ ਅਧਿਕਾਰੀਆਂ ਨੇ ਇਹ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਜਿਨਾਂ ਲੋਕਾਂ ਕੋਲ ਅਸਲਾਮ ਹੈ ਉਹ ਨੇੜੇ ਦੇ ਹੈ ਪੁਲਸ ਸਟੇਸ਼ਨ ਜਾਂ ਮਾਨਤਾ ਪ੍ਰਾਪਤ ਗੰਨ ਹਾਊਸ ਵਿਚ 22 ਮਾਰਚ ਤੱਕ ਤੁਰੰਤ ਅਸਲਾ ਜਮ੍ਹਾ ਕਰਵਾ ਕੇ ਰਸੀਦ ਪ੍ਰਾਪਤ ਕਰਕੇ ਥਾਣਾ ਸਿਟੀ ਟਾਂਡਾ ਇਸ ਸੰਬੰਧੀ ਸੂਚਿਤ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਆਖਿਆ ਕਿ ਚੋਣ ਕਮਿਸ਼ਨ ਅਤੇ ਡੀ. ਸੀ. ਹੁਸ਼ਿਆਰਪੁਰ ਦੇ ਹੁਕਮਾਂ ਦੀ ਉਲੰਘਣਾ ਕਰਨ ਅਤੇ ਲਾਇਸੈਂਸ ਕੈਂਸਲ ਕਰਨ ਸੰਬੰਧੀ ਰਿਪੋਰਟ ਭੇਜੀ ਜਾਵੇਗੀ। ਉਨ੍ਹਾਂ ਖ਼ਾਸ ਕਰਕੇ ਬਾਹਰਲੇ ਇਲਾਕਿਆਂ ਤੋਂ ਆ ਕੇ ਟਾਂਡਾ ਇਲਾਕੇ ਵਿਚ ਆਰਜੀ ਤੌਰ 'ਤੇ ਰਹਿੰਦੇ ਅਸਲਾ ਧਾਰਕਾਂ ਨੂੰ ਆਪਣਾ ਅਸਲਾ ਤੁਰੰਤ ਜਮ੍ਹਾ ਕਰਵਾਉਣ ਲਈ ਕਿਹਾ।ਉਨ੍ਹਾਂ ਨੇ ਦੱਸਿਆ ਕਿ ਇਲਾਕੇ ਦੇ ਲੋਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਪੰਜਾਬ ਪੁਲਸ ਵੱਲੋਂ ਪੂਰੀ ਤਨਦੇਹੀ ਨਾਲ ਨਿਭਾਈ ਜਾਂਦੀ ਹੈ ਅਤੇ ਇਸੇ ਤਰਾਂ ਹੀ ਸੇਵਾ ਨਿਭਾਉਂਦੀ ਰਹੇਗੀ ਤਾਂ ਜੋ ਇਲਾਕੇ ਦੇ ਵਸਨੀਕ ਅਮਨ ਅਮਾਨ ਦੀ ਜ਼ਿੰਦਗੀ ਬਤੀਤ ਕਰ ਸਕਣ।

ਹਿਮਾਂਸ਼ੂ ਅਗਰਵਾਲ ਜਲੰਧਰ ਦੇ ਨਵਾਂ ਡਿਪਟੀ ਕਮਿਸ਼ਨਰ ਨਿਯੁਕਤ

ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਚੋਣ ਕਮਿਸ਼ਨ ਨੇ ਕੁਝ ਦਿਨ ਪਹਿਲਾਂ ਜਲੰਧਰ ਦੇ ਡੀ ਸੀ ਵਿਸ਼ੇਸ਼ ਸਾਰੰਗਲ ਦੇ ਤਬਾਦਲੇ ਦੀਆਂ ਹਦਾਇਤਾਂ ਜਾਰੀ ਕੀਤੀਆਂ ਸਨ।ਹੁਣ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਹਿਮਾਂਸ਼ੂ ਅਗਰਵਾਲ ਨੂੰ ਜਲੰਧਰ ਲਈ ਡੀਸੀ ਨਿਯੁਕਤ ਕੀਤਾ ਹੈ, ਜਦਕਿ ਵਿਸ਼ੇਸ਼ ਸਾਰੰਗਲ ਨੂੰ ਗੁਰਦਾਸਪੁਰ ਲਈ ਡੀਸੀ ਨਿਯੁਕਤ ਕੀਤਾ ਗਿਆ ਹੈ। ਦੱਸ ਦੇਈਏ ਕਿ ਚੋਣ ਕਮਿਸ਼ਨ ਵੱਲੋਂ ਕੁਝ ਦਿਨ ਪਹਿਲਾਂ ਜਾਰੀ ਕੀਤੇ ਗਏ ਪੱਤਰ ਵਿੱਚ ਕਿਹਾ ਗਿਆ ਸੀ ਕਿ ਜਲੰਧਰ ਦੇ ਡੀ ਸੀ ਵਿਸ਼ੇਸ਼ ਸਾਰੰਗਲ ਨੂੰ ਉਨ੍ਹਾਂ ਦੀ ਮੌਜੂਦਾ ਤਾਇਨਾਤੀ ਤੋਂ ਹਟਾ ਕੇ ਕਿਸੇ ਹੋਰ ਥਾਂ ਤਬਦੀਲ ਕੀਤਾ ਜਾਵੇ।

ਕਾਂਗਰਸ ਨੂੰ ਝਟਕਾ, ਐੱਨ ਐੱਸ ਯੂ ਆਈ ਦਾ ਜ਼ਿਲ੍ਹਾ ਪ੍ਰਧਾਨ ਆਪ 'ਚ ਸ਼ਾਮਲ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ) - ਆਮ ਆਦਮੀ ਪਾਰਟੀ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਐਨ ਐਸ ਯੂ ਆਈ ਦਾ ਜਿਲ੍ਹਾ ਪ੍ਰਧਾਨ ਜੋਰਾ ਸਿੰਘ ਚੱਕਵਾਲੀਆਂ ਅਤੇ ਗਗਨ ਚੱਕਵਾਲੀਆਂ ਸਾਥੀਆਂ ਸਮੇਤ ਕਾਂਗਰਸ ਪਾਰਟੀ ਨੂੰ ਛੱਡ ਕੇ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ 'ਚ ਆਪ 'ਚ ਸ਼ਾਮਲ ਹੋਏ। ਭੁੱਲਰ ਵੱਲੋਂ ਚੱਕਵਾਲੀਆ ਪਰਵਾਰ ਦਾ ਆਪ 'ਚ ਸ਼ਾਮਲ ਹੋਣ 'ਤੇ ਸਵਾਗਤ ਕੀਤਾ ਗਿਆ। ਕੈਬਨਿਟ ਮੰਤਰੀ ਭੁੱਲਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬੇ ਦਾ ਵਿਕਾਸ ਪੱਖੋਂ ਬੁਲੰਦੀਆਂ ਛੂੰਹ ਰਿਹਾ ਹੈ, ਭ੍ਰਿਸ਼ਟਾਚਾਰ ਖਤਮ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ 40 ਹਜ਼ਾਰ ਦੇ ਕਰੀਬ ਨੌਜਵਾਨ ਲੜਕੇ-ਲੜਕੀਆਂ ਨੂੰ ਨੌਕਰੀਆਂ ਦਿੱਤੀਆ ਹਨ। ਸੂਬੇ ਦੇ ਲੋਕਾਂ ਨੂੰ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਜਾ ਰਹੀ ਹੈ। ਮੰਤਰੀ ਭੁੱਲਰ ਨੇ ਕਿਹਾ ਕਿ ਲੋਕ ਰਿਵਾਇਤੀ ਪਾਰਟੀਆ ਤੋਂ ਤੰਗ ਆ ਚੁੱਕੇ ਹਨ।ਮਾਨ ਸਰਕਾਰ ਲੋਕਾਂ ਨੂੰ ਸਹੂਲਣਾ ਦੇਣ ਲਈ ਵਚਨਬੱਧ ਹੈ। ਮੰਤਰੀ ਭੁੱਲਰ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਹੁਣ ਲੋਕਾਂ ਨੂੰ ਗੁੰਮਰਾਹ ਨਹੀਂ ਕਰ ਸਕਦੀਆਂ। ਲੋਕ ਹੁਣ ਸਮਝਦਾਰ ਹਨ ਇਸ ਲਈ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਇਸ ਮੌਕੇ ਨਿਸ਼ਾਨ ਸਿੰਘ ਸਰਾਂ, ਚੰਨ ਚੱਕਵਾਲੀਆਂ, ਨਛੱਤਰ ਸਿੰਘ, ਗੁਰਪ੍ਰੀਤ ਸਿੰਘ ਗੋਰਾ ਕਿਰਤੋਵਾਲ, ਬਲਜਿੰਦਰ ਸਿੰਘ, ਕਰਨਬੀਰ ਸਿੰਘ,ਰਾਮ ਗਰਵਾਲੀ, ਹਰਜਿੰਦਰ ਸਿੰਘ, ਸੋਨੂੰ ਸ਼ਰਮਾ, ਬਲਜਿੰਦਰ ਸਿੰਘ ਆਦਿ ਨੇ ਆਮ ਆਦਮੀ ਪਾਰਟੀ ਵਿਚ ਸ਼ਮਿਲ ਹੋਣ ਦਾ ਐਲਾਨ ਕੀਤਾ। ਜਿਨ੍ਹਾਂ ਨੂੰ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਪਾਰਟੀ ਦੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ, ਚੇਅਰਮੈਨ ਰਾਜਿੰਦਰ ਸਿੰਘ ਉਸਮਾ, ਗੁਰਚੇਤ ਬਰਾੜ, ਵਿਨੋਦ ਕੁਮਾਰ ਖੰਨਾ ਬਲਾਕ ਪ੍ਰਧਾਨ, ਮਨਜੀਤ ਸਿੰਘ ਬੱਠੇਭੈਣੀ, ਬਲਜਿੰਦਰ ਸਿੰਘ ਮਲਹਾਰ, ਜੱਜ ਮਾਲੜਾ, ਕਮਲ ਕੁਮਾਰ ਕੌਂਸਲਰ ਆਦਿ ਹਾਜ਼ਰ ਸਨ।

ਨਾਇਬ ਤਹਿਸੀਲਦਾਰ ਇੰਦਰਜੀਤ ਕੌਰ ਰਿਆੜ ਨੇ ਅਹੁਦਾ ਸੰਭਾਲਿਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ) - ਪਿਛਲੇ ਦਿਨੀਂ ਪੰਜਾਬ ਸਰਕਾਰ ਵੱਲੋਂ ਕੀਤੀਆਂ ਗਈਆਂ ਵਿਭਾਗੀ ਬਦਲੀਆਂ ਤਹਿਤ ਜ਼ਿਲ੍ਹਾ ਤਰਨ ਤਾਰਨ ਤੋਂ ਬਦਲ ਕੇ ਆਏ ਨਾਇਬ ਤਹਿਸੀਲਦਾਰ ਇੰਦਰਜੀਤ ਕੌਰ ਰਿਆੜ ਨੇ ਸਥਾਨਕ ਸਬ ਤਹਿਸੀਲ ਧਾਰੀਵਾਲ ਵਿਖੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਨਾਇਬ ਤਹਿਸੀਲਦਾਰ ਸ੍ਰੀਮਤੀ ਰਿਆੜ ਨੇ ਕਿਹਾ ਕਿ ਮਾਨਯੋਗ ਮੁੱਖ ਚੋਣ ਕਮਿਸ਼ਨਰ ਪੰਜਾਬ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਹੁਕਮਾਂ ਅਨੁਸਾਰ ਇਸ ਖੇਤਰ ਵਿੱਚ ਚੋਣ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਆਦਰਸ਼ ਚੋਣ ਜਾਬਤਾ ਸਖਤੀ ਨਾਲ ਲਾਗੂ ਕੀਤਾ ਜਾਵੇਗਾ ਅਤੇ ਚੋਣ ਜਾਬਤੇ ਦੀ ਪਾਲਣਾ ਕਰਦੇ ਹੋਏ ਸਬੰਧਿਤ ਕੰਮਾਂ ਵਿੱਚ ਆਮ ਪਬਲਿਕ ਨੂੰ ਕਿਸੇ ਪ੍ਰਕਾਰ ਦੀ ਕੋਈ ਵੀ ਮੁਸ਼ਕਿਲ ਪੇਸ਼ ਨਹੀ ਆਉਣ ਦਿੱਤੀ ਜਾਵੇਗੀ। ਇਸ ਮੌਕੇ ਹਰਪ੍ਰੀਤ ਸਿੰਘ ਕਾਨੂੰਗੋ, ਗੁਰਭੇਜ ਸਿੰਘ ਕਲਸੀ ਗੀਡਰ, ਚਮਨ ਲਾਲ ਆਰ ਸੀ, ਸਰਦਾਰੀ ਲਾਲ ਵਸੀਕਾ ਨਵੀਸ, ਸੁਖਜਿੰਦਰ ਸਿੰਘ ਤੇ ਪ੍ਰਭਦਿਆਲ ਵਕੀਲ, ਹਰਮਨਦੀਪ ਸਿੰਘ, ਗੁਰਨਾਮ ਸਿੰਘ, ਜੰਗਬਹਾਦਰ ਸਿੰਘ, ਗੁਰਮਿਲਾਪ ਸਿੰਘ ਪਟਵਾਰੀ ਆਦਿ ਹਾਜ਼ਰ ਸਨ।

ਸੰਕੀਰਤਨ ਸਮਾਗਮ ਕਰਵਾਇਆ

ਗੁਰਦਾਸਪੁਰ, (ਜਨਕ ਮਹਾਜਨ)- ਜਥੇਬੰਦੀ ਸ੍ਰੀ ਸਨਾਤਨ ਜਾਗਰਨ ਮੰਚ ਵਲੋਂ ਹੋਲੀ ਦੇ ਤਿਉਹਾਰ ਨੂੰ ਸਮਰਪਿਤ ਬਹਿਰਾਮਪੁਰ ਰੋਡ 'ਤੇ ਸਥਿਤ ਸ਼ਿਵ ਸ਼ਕਤੀ ਸਕੂਲ ਅਤੇ ਮੁਹੱਲਾ ਗੋਪਾਲ ਨਗਰ ਵਿਖੇ ਸੰਕੀਰਤਨ ਸਮਾਗਮ ਕਰਵਾਏ ਗਏ। ਇਸ ਮੌਕੇ ਸ੍ਰੀ ਸਨਾਤਨ ਜਾਗਰਨ ਮੰਚ ਦੀ ਭਜਨ ਮੰਡਲੀ ਵਲੋਂ ਰਾਧਾ ਕ੍ਰਿਸ਼ਨ ਅਤੇ ਹੋਲੀ ਦੇ ਤਿਉਹਾਰ ਨਾਲ ਸੰਬੰਧਿਤ ਭਜਨਾਂ ਦੀਆਂ ਪੇਸ਼ਕਾਰੀਆਂ ਦੇ ਨਾਲ-ਨਾਲ ਸਮਾਗਮ ਦੇ ਅਖੀਰ ਵਿੱਚ ਫੁੱਲਾਂ ਦੀ ਹੋਲੀ ਵੀ ਖੇਡੀ ਗਈ। ਸ੍ਰੀ ਸਨਾਤਨ ਜਾਗਰਨ ਮੰਚ ਦੇ ਅਹੁਦੇਦਾਰਾਂ ਰਵੀ ਮਹਾਜਨ ਅਤੇ ਪਵਨ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੋਲੀ ਨੂੰ ਸਮਰਪਿਤ ਦੋ ਵੱਡੇ ਸਮਾਗਮ ਮੰਚ ਵੱਲੋਂ ਚੌਧਰੀ ਮਈਆ ਦਾਸ ਮਿਸਤਰੀ ਸ਼ਿਵਾਲਾ ਮੰਦਰ ਵਿਖੇ ਭਜਨ ਸੰਧਿਆ ਕਰਵਾਈ ਗਈ ਜਿਸ ਦੌਰਾਨ ਫੁੱਲਾਂ ਦੀ ਹੋਲੀ ਵੀ ਖੇਡੀ ਗਈ। ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ 25 ਮਾਰਚ ਸੋਮਵਾਰ ਨੂੰ ਸ੍ਰੀ ਰਾਮ ਸ਼ਰਨਮ ਕਲੋਨੀ ਦੇ ਸਮੂਹ ਨਿਵਾਸੀਆਂ ਦੇ ਸਹਿਯੋਗ ਨਾਲ 'ਹੋਲੀ ਕੇ ਰੰਗ ਰਾਧਾ ਕ੍ਰਿਸ਼ਨ ਕੇ ਸੰਗ' ਸਮਾਗਮ ਸ੍ਰੀ ਰਾਮ ਸਰਨਮ ਕਲੋਨੀ ਵਿਖੇ ਕਰਵਾਇਆ ਜਾਵੇਗਾ ਜੋ ਸ਼ਾਮ 6 ਵਜੇ ਤੋਂ ਸ਼ੁਰੂ ਹੋਵੇਗਾ। ਭਜਨ ਸੰਧਿਆ ਤੋਂ ਬਾਅਦ ਇਸ ਸਮਾਗਮ ਦੌਰਾਨ ਵੀ ਫੁੱਲਾਂ ਦੀ ਹੋਲੀ ਖੇਡ ਹੀ ਜਾਵੇਗੀ ਅਤੇ ਸਮਾਗਮ ਦੇ ਅਖੀਰ ਵਿੱਚ ਪੰਡਤ ਭਰਤ ਦਵੇਦੀ ਵੱਲੋਂ ਵਿਧੀਵਤ ਧਾਰਮਿਕ ਰੀਤ ਅਨੁਸਾਰ ਹੋਲੀਕਾ ਦਹਨ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਸਮਾਗਮ ਦੀ ਜਾਣਕਾਰੀ ਵੱਧ ਤੋਂ ਵੱਧ ਸ਼ਹਿਰ ਨਿਵਾਸੀਆਂ ਤੱਕ ਪਹੁੰਚਾਉਣ ਲਈ ਸ੍ਰੀ ਸਨਾਤਨ ਜਾਗਰਨ ਮੰਚ ਵੱਲੋਂ ਸ਼ਹਿਰ ਵਿਚ ਰੋਜ਼ਾਨਾ ਸੰਕੀਰਤਨ ਸਮਾਗਮ ਕਰਵਾਏ ਜਾ ਰਹੇ ਹਨ। ਇਸ ਮੌਕੇ ਦਲਜੀਤ ਕੁਮਾਰ, ਮਨਦੀਪ ਸ਼ਰਮਾ, ਜਤਿੰਦਰ ਸ਼ਰਮਾ, ਅਜੇ ਸੂਰੀ, ਮਹਿਲਾ ਮੈਂਬਰ ਕਿਰਨ ਸ਼ਰਮਾ, ਮਮਤਾ ਗੋਇਲ, ਦੀਪਿਕਾ ਅਤੇ ਦੀਕਸ਼ਾ ਆਦਿ ਵੀ ਹਾਜ਼ਰ ਸਨ।

ਐੱਸ ਸੀ ਮੋਰਚਾ ਭਾਜਪਾ ਨੂੰ ਝਟਕਾ, ਮੰਡਲ ਪ੍ਰਧਾਨ ਖਿਲ੍ਹਚੀਆਂ ਨੈਸ਼ਨਲ ਯੂਥ ਪਾਰਟੀ 'ਚ ਹੋਏ ਸ਼ਾਮਲ

ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ) ਰਵਾਇਤੀ ਪਾਰਟੀਆਂ 'ਚੋਂ ਲੀਡਰਾਂ ਨੇ ਇਧਰੋਂ ਉਧਰ ਜਾਣਾ ਸ਼ੁਰੂ ਕਰ ਦਿੱਤਾ ਹੈ। ਜਾਣਕਾਰੀ ਅਨੁਸਾਰ ਭਾਜਪਾ ਐਸ ਸੀ ਮੋਰਚਾ ਮੰਡਲ ਖਿਲਚੀਆਂ ਦੇ ਪ੍ਰਧਾਨ ਜਗਤਾਰ ਸਿੰਘ ਛੱਜਲਵੱਡੀ ਨੇ ਭਾਜਪਾ ਨੂੰ ਅਲਵਿਦਾ ਆਖ ਨੈਸ਼ਨਲ ਯੂਥ ਪਾਰਟੀ 'ਚ ਸ਼ਾਮਲ ਹੋ ਗਏ ਹਨ।ਇਥੋਂ ਪੱਤਰਕਾਰ ਸੰਮੇਲਨ 'ਚ ਨੈਸ਼ਨਲ ਯੂਥ ਪਾਰਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਅਤੇ ਜਨਰਲ ਸਕੱਤਰ ਪੰਜਾਬ ਓਂਕਰ ਸਿੰਘ ਸੋਨੂੰ ਨੇ ਪਾਰਟੀ 'ਚ ਨਵੇਂ ਚੇਹਰਿਆਂ ਨੂੰ ਸ਼ਾਮਲ ਕਰਦਿਆਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਜ ਸੈਵੀ ਸਤਿੰਦਰ ਸਿੰਘ ਅਠਵਾਲ ਦੀ ਪ੍ਰੇਰਨਾ ਸਦਕਾ ਜਗਤਾਰ ਸਿੰਘ ਛੱਜਲਵੱਡੀ ਨੇ ਨੈਸ਼ਨਲ ਯੂਥ ਪਾਰਟੀ ਸ਼ਾਮਲ ਕਰ ਲਈ ਅਸੀਂ ਉਨ੍ਹਾ ਨੂੰ ਪਾਰਟੀ 'ਚ ਜੀ ਆਇਆਂ ਆਖਦਿਆਂ ਉਨ੍ਹਾ ਦਾ ਮਾਣ ਵਧਾਉਂਦਿਆਂ ਉਨਾ ਨੂੰ ਨੈਸ਼ਨਲ ਯੂਥ ਪਾਰਟੀ ਸਰਕਲ ਖਿਲ੍ਹਚੀਆਂ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ।ਇਸੇ ਤਰ੍ਹਾਂ ਪਾਰਟੀ ਹਾਈਕਮਾਂਡ ਨਾਲ ਸਲਾਹ ਮਸ਼ਵਰਾ ਕਰਕੇ ਸੀਨੀਅਰ ਪੱਤਰਕਾਰ ਸਤਿੰਦਰ ਸਿੰਘ ਅਠਵਾਲ ਨੂੰ ਨੈਸ਼ਨਲ ਯੂਥ ਪਾਰਟੀ ਪੰਜਾਬ ਦਾ ਮੀਡੀਆ ਸਲਾਹਕਾਰ ਬਣਾ ਦਿੱਤਾ ਹੈ।ਪੁੱਛਣ ਤੇ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਜਗਤਾਰ ਸਿੰਘ ਛੱਜਲਵੱਡੀ ਦੁਆਰਾ ਪਿੰਡ ਛੱਜਲਵੱਡੀ 'ਚ ਪਾਰਟੀ ਦਾ ਜਲਸਾ ਕਰਵਾਇਆ ਜਾ ਰਿਹਾ ਹੈ ਜਿਸ 'ਚ ਸੈਂਕੜੇ ਵਰਕਰਾਂ ਨੂ

22-March-PAGE-4.qxd 3/21/2024 10:57 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 22 ਮਾਰਚ 2024

ਮੋਦੀ ਦੇ 400 ਪਾਰ ਦਾ ਸੱਚ

ਚੋਣਾਂ ਦੌਰਾਨ ਜਾਂ ਚੋਣਾਂ ਤੋਂ ਪਹਿਲਾਂ ਸਿਆਸੀ ਪਾਰਟੀਆਂ ਵੱਲੋਂ ਬਹੁਤ ਸਾਰੇ ਦਾਅ-ਪੇਚ ਅਪਣਾਏ ਜਾਂਦੇ ਹਨ। ਵਧਾਅ-ਚੜ੍ਹਾਅ ਕੇ ਵਾਅਦੇ ਕੀਤੇ ਜਾਂਦੇ ਹਨ। ਪ੍ਰਚਾਰ ਦੇ ਨਵੇਂ ਤੋਂ ਨਵੇਂ ਢੰਗ ਵਰਤੇ ਜਾਂਦੇ ਹਨ। ਪਿਛਲੇ ਕੁਝ ਸਮੇਂ ਤੋਂ ਤਾਂ ਪ੍ਰਚਾਰ ਲਈ ਬਾਕਾਇਦਾ ਚੋਣ ਮਾਹਰ ਭਰਤੀ ਕੀਤੇ ਜਾਂਦੇ ਹਨ। ਇਸ ਕੰਮ ਲਈ ਬਹੁਤ ਸਾਰੀਆਂ ਕੰਪਨੀਆਂ ਮੌਜੂਦ ਹਨ, ਜੋ ਚੋਣ ਪ੍ਰਬੰਧ ਕਰਨ ਰਾਹੀਂ ਕਰੋੜਾਂ ਰੁਪਏ ਕਮਾਉਂਦੀਆਂ ਹਨ। ਇਸ ਤਰ੍ਹਾਂ ਭਾਰਤ ਵਿੱਚ ਚੋਣਾਂ ਇੱਕ ਕਾਰੋਬਾਰ ਬਣ ਚੁੱਕੀਆਂ ਹਨ। ਚੋਣਾਂ ਦੀ ਤਿਆਰੀ ਵਿੱਚ ਇਹ ਕੰਪਨੀਆਂ ਆਪਣੇ ਗਾਹਕ (ਸਿਆਸੀ ਆਗੂਆਂ) ਲਈ ਸਿਰਫ਼ ਨਾਅਰੇ ਹੀ ਨਹੀਂ ਘੜਦੀਆਂ, ਉਨ੍ਹਾਂ ਨੂੰ ਇਹ ਵੀ ਦੱਸਦੀਆਂ ਹਨ ਕਿ ਆਪਣੀਆਂ ਤਕਰੀਰਾਂ ਵਿੱਚ ਲੋਕਾਂ ਨੂੰ ਆਪਣੇ ਮਗਰ ਲਾਉਣ ਲਈ ਉਨ੍ਹਾਂ ਕਿਹੜੇ ਵਾਅਦੇ ਕਰਨੇ ਹਨ ਤੇ ਉਨ੍ਹਾਂ ਲਈ ਕਿਹੜੇ ਸ਼ਬਦ ਵਰਤਣੇ ਹਨ।

ਪਿਛਲੇ ਕੁਝ ਸਮੇਂ ਤੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਗਾਤਾਰ ਕਹਿ ਰਹੇ ਹਨ ਕਿ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾ ਦਾ ਗਠਜੋੜ ਐੱਨ ਡੀ ਏ 400 ਤੋਂ ਵੱਧ ਸੀਟਾਂ ਜਿੱਤੇਗਾ। ਵੋਟਰਾਂ ਦਾ ਇੱਕ ਵੱਡਾ ਹਿੱਸਾ ਸਿਆਸੀ ਤੌਰ ਉੱਤੇ ਚੇਤੰਨ ਨਹੀਂ ਹੁੰਦਾ। ਇਨ੍ਹਾਂ ਵਿੱਚੋਂ ਬਹੁਤੇ ਤਾਂ ਵੋਟ ਦੀ ਵਰਤੋਂ ਹੀ ਨਹੀਂ ਕਰਦੇ ਤੇ ਜਿਹੜੇ 3-4 ਫੀਸਦੀ ਵੋਟ ਪਾਉਂਦੇ ਵੀ ਹਨ, ਉਨ੍ਹਾਂ ਦੀ ਸੋਚ ਇਹ ਹੁੰਦੀ ਹੈ ਕਿ ਜਿਹੜਾ ਜਿੱਤਦਾ ਹੋਇਆ, ਉਸ ਨੂੰ ਪਾ ਦਿਆਂਗੇ। ਪ੍ਰਧਾਨ ਮੰਤਰੀ ਦਾ 400 ਪਾਰ ਦਾ ਨਾਅਰਾ ਇਨ੍ਹਾਂ ਵੋਟਰਾਂ ਨੂੰ ਭਰਮਾਉਣ ਲਈ ਹੈ। ਇਸ ਲਈ ਇਸ ਸਮੇਂ ਸਾਰੀ ਭਾਜਪਾ ਇਸ ਨਾਅਰੇ ਨੂੰ ਗਲੀ-ਗਲੀ ਪ੍ਰਚਾਰ ਰਹੀ ਹੈ। ਲੋਕ ਸਭਾ ਚੋਣਾਂ ਦੇ ਐਲਾਨ ਤੋਂ ਪਹਿਲਾਂ ਗੋਦੀ ਮੀਡੀਆ ਵੱਲੋਂ ਇੱਕ ਸਰਵੇ ਪ੍ਰਕਾਸ਼ਤ ਕਰਕੇ ਇਸੇ 400 ਪਾਰ ਦੇ ਨਾਅਰੇ ਦੀ ਪੁਸ਼ਟੀ ਲਈ ਅੰਕੜੇ ਦਿੱਤੇ ਗਏ ਸਨ। ਇਸ ਵਿੱਚ ਹੋਰ ਰਾਜਾਂ ਦੇ ਨਾਲ-ਨਾਲ ਕਰਨਾਟਕ ਬਾਰੇ ਵੀ ਕਿਹਾ ਗਿਆ ਸੀ ਕਿ ਉੱਥੇ ਸਾਰੀਆਂ ਸੀਟਾਂ ਭਾਜਪਾ ਜਿੱਤੇਗੀ।

ਇਸ ਸਮੇਂ ਜਦੋਂ ਗੋਦੀ ਮੀਡੀਆ ਸਰਕਾਰ ਦੀ ਡੁਗਡੁਗੀ ਵਜਾਉਣ ਵਿੱਚ ਲੱਗਾ ਹੋਇਆ ਹੈ, ਕੁਝ ਦੇਸ਼ ਭਗਤ ਮੀਡੀਆ ਪਲੇਟਫਾਰਮ ਤੇ ਸੰਸਥਾਵਾਂ ਸਰਕਾਰ ਦੀਆਂ ਸਖ਼ਤੀਆਂ ਸਹਿੰਦੇ ਹੋਏ ਵੀ ਦੇਸ਼ ਦੀ ਅਸਲੀ ਹਕੀਕਤ ਪੇਸ਼ ਕਰਨ ਦੀ ਕੋਸ਼ਿਸ਼ ਕਰਦੀਆਂ ਰਹਿੰਦੀਆਂ ਹਨ। ਕਰਨਾਟਕ ਵਿਚਲੇ ਕੰਨੜ ਸਮਾਚਾਰ ਪੋਰਟਲ ਇੰਡੀਨਾ ਨੇ 15 ਫਰਵਰੀ ਤੋਂ 5 ਮਾਰਚ ਤੱਕ ਕਰਨਾਟਕ ਵਿੱਚ ਚੋਣ ਸਰਵੇ ਕੀਤਾ ਸੀ। ਉਸ ਮੁਤਾਬਕ ਉਸ ਨੇ ਘਰ-ਘਰ ਜਾ ਕੇ 52,678 ਲੋਕਾਂ ਤੋਂ ਪੁੱਛਗਿੱਛ ਕੀਤੀ ਸੀ। ਇਸ ਸਰਵੇ ਮੁਤਾਬਕ ਕਾਂਗਰਸ ਨੂੰ ਕੁੱਲ 43.77 ਫ਼ੀਸਦੀ ਵੋਟਾਂ ਨਾਲ 17 ਸੀਟਾਂ ਮਿਲ ਸਕਦੀਆਂ ਹਨ, ਜਦੋਂ ਕਿ ਭਾਜਪਾ 42.35 ਫ਼ੀਸਦੀ ਵੋਟਾਂ ਨਾਲ 11 ਸੀਟਾਂ ਜਿੱਤ ਸਕਦੀ ਹੈ। ਯਾਦ ਰਹੇ ਕਿ 2019 ਦੀਆਂ ਲੋਕ ਸਭਾ ਚੋਣਾਂ ਸਮੇਂ ਕਾਂਗਰਸ ਨੂੰ 31 ਫ਼ੀਸਦੀ ਤੇ ਭਾਜਪਾ ਨੂੰ 51 ਫ਼ੀਸਦੀ ਵੋਟਾਂ ਮਿਲੀਆਂ ਸਨ। ਇੰਡੀਨਾ ਨੇ 2023 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਵੀ ਸਰਵੇ ਕਰਕੇ ਕਾਂਗਰਸ ਦੇ ਜਿੱਤ ਜਾਣ ਦੀ ਭਵਿੱਖਬਾਣੀ ਕੀਤੀ ਸੀ, ਜੋ ਸਹੀ ਸਾਬਤ ਹੋਈ ਸੀ।

ਬਹਰਹਾਲ, ਇਸ ਸਰਵੇ ਵਿੱਚ ਕਈ ਸਵਾਲ ਕਰਕੇ ਲੋਕਾਂ ਦਾ ਮਨ ਟੋਹਿਆ ਗਿਆ ਸੀ। ਇਹ ਪੁੱਛੇ ਜਾਣ ਉਤੇ ਕਿ ਇਸ ਸਮੇਂ ਤੁਸੀਂ ਸਭ ਤੋਂ ਵੱਧ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੋ, ਦੇ ਜਵਾਬ ਵਿੱਚ 77 ਫ਼ੀਸਦੀ ਨੇ ਕਿਹਾ ਕਿ ਉਨ੍ਹਾਂ ਲਈ ਮਹਿੰਗਾਈ ਸਭ ਤੋਂ ਵੱਡੀ ਸਮੱਸਿਆ ਹੈ, ਜਦੋਂ ਕਿ 53 ਫ਼ੀਸਦੀ ਨੇ ਰੁਜ਼ਗਾਰ ਦੇ ਮੌਕੇ ਘਟ ਜਾਣ ਉੱਤੇ ਨਰਾਜ਼ਗੀ ਪ੍ਰਗਟ ਕੀਤੀ ਸੀ।

ਸਰਵੇ ਵਿੱਚ 45 ਫ਼ੀਸਦੀ ਲੋਕਾਂ ਨੇ ਕਿਹਾ ਕਿ ਪਿਛਲੇ 10 ਸਾਲਾਂ ਦੌਰਾਨ ਭ੍ਰਿਸ਼ਟਾਚਾਰ ਵਧਿਆ ਹੈ। 42 ਫ਼ੀਸਦੀ ਦਾ ਕਹਿਣਾ ਸੀ ਕਿ ਅਮੀਰ-ਗਰੀਬ ਵਿੱਚ ਪਾੜਾ ਵਧ ਗਿਆ ਹੈ ਤੇ 37.6 ਫ਼ੀਸਦੀ ਨੇ ਕਿਹਾ ਕਿ ਕਲਿਆਣਕਾਰੀ ਯੋਜਨਾਵਾਂ ਘਟ ਗਈਆਂ ਹਨ।

ਸਰਵੇ ਰਿਪੋਰਟ ਮੁਤਾਬਕ 47 ਫ਼ੀਸਦੀ ਨੂੰ ਲਗਦਾ ਸੀ ਕਿ ਵਿਸ਼ਵ ਵਿੱਚ ਭਾਰਤ ਦੀ ਸਥਿਤੀ ਮਜ਼ਬੂਤ ਹੋਈ ਹੈ। 33 ਫ਼ੀਸਦੀ ਨੇ ਪ੍ਰਧਾਨ ਮੰਤਰੀ ਦੇ ਕੰਮ ਨੂੰ ਵਧੀਆ ਤੇ 35.8 ਫ਼ੀਸਦੀ ਨੇ ਸੰਤੋਸ਼ਜਨਕ ਕਿਹਾ। ਲੱਗਭੱਗ 45 ਫ਼ੀਸਦੀ ਲੋਕਾਂ ਦੀ ਰਾਇ ਸੀ ਕਿ ਨਰਿੰਦਰ ਮੋਦੀ ਨੂੰ ਤੀਜਾ ਕਾਰਜਕਾਲ ਮਿਲਣਾ ਚਾਹੀਦਾ ਹੈ। ਇਸ ਦੇ ਬਾਵਜੂਦ 56 ਫ਼ੀਸਦੀ ਲੋਕਾਂ ਨੇ ਕਿਹਾ ਕਿ ਉਹ ਕਾਂਗਰਸ ਦੀਆਂ ਗਰੰਟੀਆਂ ਦੇ ਹੱਕ ਵਿੱਚ ਵੋਟ ਪਾਉਣਗੇ। ਇਸ ਮਾਮਲੇ ਉੱਤੇ ਔਰਤਾਂ ਦੀ ਗਿਣਤੀ ਦੀ ਗੱਲ ਕਰੀਏ ਤਾਂ 59 ਫ਼ੀਸਦੀ ਔਰਤਾਂ ਨੇ ਕਿਹਾ ਕਿ ਉਹ ਕਾਂਗਰਸ ਦੀਆਂ ਗਰੰਟੀ ਯੋਜਨਾਵਾਂ ਦੇ ਹੱਕ ਵਿੱਚ ਵੋਟਾਂ ਪਾਉਣਗੀਆਂ। 39.6 ਫ਼ੀਸਦੀ ਦਾ ਕਹਿਣਾ ਸੀ ਕਿ ਰਾਜ ਸਰਕਾਰ ਦੀਆਂ ਗਰੰਟੀ ਯੋਜਨਾਵਾਂ ਕੇਂਦਰ ਦੀਆਂ ਯੋਜਨਾਵਾਂ ਨਾਲੋਂ ਵਧੀਆ ਹਨ। 20 ਫ਼ੀਸਦੀ ਨੇ ਕੇਂਦਰ ਦੀਆਂ ਯੋਜਨਾਵਾਂ ਨੂੰ ਸਹੀ ਤੇ 26 ਫ਼ੀਸਦੀ ਨੇ ਦੋਹਾਂ ਨੂੰ ਬਰਾਬਰ ਰੱਖਿਆ ਸੀ। ਹੁਣ ਲੋਕ ਸਭਾ ਚੋਣਾਂ ਲਈ ਪ੍ਰੋਗਰਾਮ ਦਾ ਐਲਾਨ ਹੋ ਚੁੱਕਾ ਹੈ। ਚੋਣ ਜ਼ਾਬਤੇ ਅਨੁਸਾਰ ਵੋਟਾਂ ਪਾਏ ਜਾਣ ਤੱਕ ਅਜਿਹੇ ਸਰਵਿਆਂ ਉੱਤੇ ਰੋਕ ਰਹੇਗੀ। ਇਸ ਲਈ ਹੁਣ ਤਾਂ 4 ਜੂਨ ਦੇ ਨਤੀਜੇ ਹੀ ਦੱਸਣਗੇ ਕਿ ਕਿਹੜਾ ਸਰਵੇ ਸਹੀ ਹੈ ਤੇ ਕਿਹੜਾ ਗਲਤ।

-ਚੰਦ ਫਤਿਹਪੁਰੀ

ਵੋਟ-ਭੁੱਖ ਦੇ ਕਾਰੇ !

ਬੁੱਲੇ ਸ਼ਾਹ ਨੂੰ ਮਿਲਿਆ ਸੀ ਸਬਕ ਜਿੱਦਾਂ,
ਉਧਰੋਂ ਪੁੱਟ ਕੇ ਦੂਜੇ ਥਾਂਹ ਲਾਉਣ ਵਾਲਾ।
ਸਿਆਸੀ ਦਲਾਂ ਨੇ ਫੜ ਲਿਆ ਕੰਮ ਏਹੋ,
ਬੰਦਾ 'ਪੱਟ' ਕੇ 'ਸੀਟ' ਜਿਤਾਉਣ ਵਾਲਾ।
ਕਿਤਿਉਂ ਚੱਕ ਕੇ 'ਇੱਟ' ਤੇ ਕਿਤੋਂ 'ਰੋੜਾ',
ਭਾਨਮਤੀ ਦਾ 'ਕੁਣਬਾ' ਬਣਾਉਣ ਵਾਲਾ।
ਕਾਮਯਾਬ ਹੁਣ ਸਿਆਸਤ ਵਿੱਚ ਉਹੀ ਹੁੰਦਾ,
'ਭੋਗ' ਦੀਨ-ਇਮਾਨ ਦਾ ਪਾਉਣ ਵਾਲਾ।
'ਟਿਕਟੂ' ਲੱਭਦੇ ਫਿਰਦੇ ਨੇ ਗਾਹਕ ਕੋਈ,
'ਵਗਦੀ ਗੰਗਾ' ਵਿੱਚ ਹੱਥ ਧੁਆਉਣ ਵਾਲਾ।
ਵਾਅਦਾ ਭੁੱਲ ਗਏ 'ਨਵੇਂ' ਵੀ ਜਾਪਦੇ ਨੇ,
ਪਹਿਲਾਂ ਨਾਲੋਂ 'ਬਦਲਾਅ' ਲਿਆਉਣ ਵਾਲਾ!

-ਤਰਲੋਚਨ ਸਿੰਘ ਦੁਪਾਲਪੁਰ, 78146-92724

ਰਾਜ ਧਰਮ ਸੰਵਿਧਾਨ ਪਾਲਣ ਨਾਲ ਹੀ ਨਿਭਾਇਆ ਜਾ ਸਕਦਾ

ਵਰਗਿਸ ਸਲਾਮਤ

ਅਜ਼ਾਦੀ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੋ ਸਵਤੰਤਰ ਦੇਸ਼ ਵਜੋਂ ਹੋਂਦ ਵਿਚ ਆਏ । ਦੋਵਾਂ ਨੇ ਆਪਣੇ-ਆਪਣੇ ਸਮੀਕਰਣਾਂ, ਸਥਿਤੀਆਂ, ਪ੍ਰਸਥਿਤੀਆਂ ਅਤੇ ਉਸ ਸਮੇਂ ਦੀ ਅਗਵਾਈ ਕਰ ਰਹੇ ਨੇਤਾਵਾਂ ਦੇ ਪ੍ਰਭਾਵ ਹੇਠ ਆਪਣਾ-ਆਪਣਾ ਰਾਸ਼ਟਰ ਭਾਵ ਦੇਸ਼ ਚਲਾਉਣ ਲਈ ਇਕ ਸਿਸਟਮ ਗ੍ਰਹਿਣ ਕੀਤਾ। ਉਹਨਾਂ ਆਪਣੇ ਦੇਸ਼ ਨੂੰ ਇਸਲਾਮਿਕ ਰਿਪਬਲਿਕ ਘੋਸ਼ਿਤ ਕੀਤਾ । ਸਾਡੇ ਦੇਸ਼ ਦੀ ਅਗਵਾਈ ਕਰ ਰਹੇ ਨੇਤਾਵਾਂ ਨੇ ਆਪਣੇ ਇਸ ਭਾਗ ਨੂੰ ਲੋਕਤੰਤਰੀ ਗਣਰਾਜ ਘੋਸ਼ਿਤ ਕੀਤਾ। ਇਕ ਸਿਆਣੇ ਅਗੁਵਾ ਦੀ ਤਰ੍ਹਾਂ ਉਸ ਵੇਲੇ ਦੇ ਸਵਤੰਤਰਤਾ ਸੰਗਰਾਮੀਆਂ, ਰਾਜਨੀਤਕ ਨੇਤਾਵਾਂ, ਵਿਦਵਾਨਾਂ ਅਤੇ ਬੁੱਧੀਜੀਵੀਆਂ ਨੇ ਬਹੁਤ ਹੀ ਗੂੜ੍ਹੇ ਅਧਿਐਨ ਅਤੇ ਖੋਜਾਂ ਕਰਕੇ 2 ਸਾਲ 11 ਮਹੀਨੇ 18 ਦਿਨਾਂ 'ਚ ਸੈਂਕੜੇ ਸਭਾਵਾਂ ਕਰਕੇ ਲੋਕਤੰਤਰਿਕ ਢੰਗ ਨਾਲ ਸੰਵਿਧਾਨ ਤਿਆਰ ਕੀਤਾ ਅਤੇ ਵਿਧੀਵਤ ਤਰੀਕੇ ਨਾਲ ਰਾਸ਼ਟਰੀ ਸਨਮਾਨਾਂ ਸਹਿਤ ਲਾਗੂ ਕੀਤਾ। ਕਹਿੰਦੇ ਹਨ ਕਿ ਉਸ ਵੇਲੇ ਦੇ 60 ਤੋਂ ਵੱਧ ਦੇਸ਼ਾਂ ਦੇ ਸੰਵਿਧਾਨਾਂ ਦਾ ਅਧਿਐਨ ਮੰਥਨ ਕਰਕੇ ਬਾਬਾ ਸਾਹਿਬ ਅੰਬੇਦਕਰ ਦੀ ਅਗਵਾਈ 'ਚ ਆਪਣੇ ਦੇਸ਼ ਦੇ ਸਮੀਕਰਣਾਂ, ਸਥਿਤੀਆਂ, ਪ੍ਰਸਥਿਤੀਆਂ ਆਦਿ ਅਨੁਸਾਰ ਢਾਲ ਕੇ ਦੇਸ਼ ਦਾ ਸੰਵਿਧਾਨ ਸਿਰਜਿਆ ਗਿਆ। ਉਸ ਵੇਲੇ ਭਾਰਤ ਦੀ ਜਨਸੰਖਿਆ ਲੱਗਭੱਗ ਪੈਂਤੀ ਕਰੋੜ ਸੀ। ਅੱਜ 2024 ਵਿਚ ਇਹ ਲੱਗਭੱਗ 145 ਕਰੋੜ ਹੋ ਚੁੱਕੀ ਹੈ। 75 ਸਾਲਾਂ ਵਿਚ 110 ਕਰੋੜ ਦਾ ਵਾਧਾ 300 ਫੀਸਦੀ ਦਾ ਬੰਪਰ ਵਾਧਾ ਹੈ। ਇਹ ਸਾਡੇ ਦੇਸ਼ ਦੇ ਸੰਵਿਧਾਨ ਦੀ ਖੂਬਸੂਰਤੀ, ਮਜ਼ਬੂਤੀ ਅਤੇ ਵਿਸ਼ਵਾਸਨੀਯਤਾ ਹੈ ਕਿ ਲੋਕ ਲੋਕਤੰਤਰ ਪ੍ਰਣਾਲੀ ਵਿਚ ਹੀ ਆਪਣੇ-ਆਪ ਨੂੰ ਮਹਿਫੂਜ਼ ਸਮਝਦੇ ਹਨ । ਇਸ ਦੇ ਬਾਵਜੂਦ ਕਿ ਦੇਸ਼ ਵਿਚ ਬਹੁਤ ਜ਼ਿਆਦਾ ਬਹੁਤ ਗੁੜੀਆਂ ਅਤੇ ਬਹੁਤ ਭਾਰੀਆਂ ਭਿੰਨਤਾਵਾਂ ਹਨ ਲੋਕ ਇਕ-ਦੂਜੇ ਨਾਲ ਸਾਂਝ, ਪਿਆਰ, ਭਾਈਚਾਰਾ ਆਦਿ ਨਾਲ ਰਹਿ ਰਹੇ ਹਨ । ਜੇ ਅੱਜ ਕੋਈ ਇਸ ਲੋਕਤੰਤਰ ਪ੍ਰਣਾਲੀ ਨੂੰ ਛੇੜਨ ਜਾਂ ਬਦਲਣ ਦੀ ਕੋਸ਼ਿਸ਼ ਕਰੇਗਾ ਤਾਂ ਉਹ ਆਪ ਵੀ ਫਨਾਅ ਹੋ ਸਕਦਾ ਹੈ । ਅੱਜ ਭਾਰਤ ਦੇਸ਼ ਦੁਨੀਆ ਦਾ ਸਭ ਤੋਂ ਵੱਡਾ ਅਤੇ ਮਜ਼ਬੂਤ ਲੋਕਤੰਤਰ ਮੰਨਿਆ ਜਾਂਦਾ ਹੈ।

ਪਰ ਮੌਜੂਦਾ ਸਮੇਂ ਕੁੱਝ ਸਾਲਾਂ ਤੋਂ ਪੂਰਾ ਦੇਸ਼ ਇਕ ਅਸਮੰਜਸ , ਬੇਚੈਨੀ ਅਤੇ ਅਸੁਰੱਖਿਆ ਜਿਹੇ ਮਹੌਲ ਵਿੱਚੋਂ ਲੰਘ ਰਿਹਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਵਿਦਿਆਰਥੀਆਂ ਤੋਂ ਲੈ ਕੇ ਵਿਦਵਾਨਾਂ ਤੱਕ , ਮੁਲਾਜ਼ਮਾਂ ਤੋਂ ਲੈ ਕੇ ਅਫਸਰਾਂ ਤੱਕ, ਮਜ਼ਦੂਰਾਂ ਤੋਂ ਲੈ ਕੇ ਮਾਲਕਾਂ ਤੱਕ, ਸੀਰੀਆਂ ਤੋਂ ਲੈ ਕੇ ਕਿਸਾਨਾਂ ਤੱਕ, ਮੰਗਤਿਆਂ ਤੋਂ ਲੈ ਕੇ ਸ਼ਾਹਾਂ ਤੱਕ ਅਤੇ ਇਹਨਾਂ ਸਾਰਿਆਂ ਵਿੱਚ ਔਰਤ ਵਰਗ ਜ਼ਿਆਦਾ ਕੁੱਝ ਸਹਿ ਰਹੀ ਹੈ। ਇਸ ਤੋਂ ਇਲਾਵਾ ਘੱਟ-ਗਿਣਤੀਆਂ ਤਾਂ ਦੋਹਾਂ ਦੇਸ਼ਾਂ ਵਿਚ ਹੀ ਅਸੁਰੱਖਿਅਤ ਹਨ। ਇਹ ਸਾਰੇ ਆਪਣੇ-ਆਪਣੇ ਕੰਮਾਂ-ਕਾਰਾਂ ਵਿਚ ਅਤੇ ਗੁਜ਼ਰ ਗੁਜ਼ਾਰਿਆਂ ਵਿਚ ਬਰਕਤ ਵਾਲੀ ਹਰਕਤ ਮਹਿਸੂਸ ਨਹੀਂ ਕਰ ਰਹੇ। ਹਰ ਵਰਗ ਵਿਚ ਸਭਿਆਚਾਰਕ ਆਦਿ ਵਿਕਾਸ ਦੀ ਖੜੋਤ ਹੈ। ਸੌੜੀ ਰਾਜਨੀਤੀ ਅਤੇ ਜਨੂੰਨੀ ਧਰਮਪ੍ਰਸਤੀ ਸਾਨੂੰ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਿਘਾਰ ਵੱਲ ਧਕੇਲ ਰਹੀ ਹੈ।

ਸੱਤਾ ਦੇ ਨਾਲ ਰਹਿਣ ਵਾਲੇ ਲੋਕ, ਸੱਤਾ ਵਿਚ ਮਦਹੋਸ਼ ਰਹਿਣ ਵਾਲੇ ਲੋਕ ਅਤੇ ਸੱਤਾ ਦੇ ਲੋਭੀ ਲੋਕ ਮੌਕਾਪ੍ਰਸਤੀ ਦੀ ਰਾਜਨੀਤੀ ਕਰਕੇ ਆਪਣਾ ਵਜੱਕਾ ਅਤੇ ਚੌਧਰ ਹਰ ਵੇਲੇ ਕਾਇਮ ਰੱਖਣ ਲਈ ਚੌਵੀ ਘੰਟੇ ਸਮਾਜ ਨੂੰ ਤੋੜਨ ਅਤੇ ਮਰੋੜਨ ਵਿਚ ਲੱਗੇ ਰਹਿੰਦੇ ਹਨ ਅਤੇ ਆਪਣੀਆਂ ਕੋਝੀਆਂ ਚਾਲਾਂ ਅਤੇ ਸਮਾਜਪਾੜੂ ਛਡਯੰਤਰ ਘੜਦੇ ਰਹਿੰਦੇ ਹਨ। ਨਤੀਜਨ ਬਲਾਤਕਾਰ, ਫਿਰਕੂ ਦੰਗੇ, ਜਾਤੀ ਵਿਤਕਰੇ, ਹੜਤਾਲਾਂ, ਧਰਨੇ, ਵਿਰੋਧ ਮਾਰਚ ਲਗਾਤਾਰ ਵਧ ਰਹੇ ਹਨ ਅਤੇ ਬਦਇਖਲਾਕੀ ਇਹ ਵੀ ਹੈ ਕਿ ਇਹਨਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ, ਉਲਟਾ ਉਹਨਾਂ ਨੂੰ ਹੀ ਜੇਲ੍ਹਾਂ ਅਤੇ ਥਾਣਿਆਂ ਵਿਚ ਸੁੱਟਿਆ ਜਾ ਰਿਹਾ ਹੈ। ਕਿਸਾਨਾਂ ਅਤੇ ਮਜ਼ਦੂਰਾਂ 'ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਮਹਿੰਗਾਈ, ਬੇਰੋਜ਼ਗਾਰੀ ਅਤੇ ਗਰੀਬੀ ਦੇ ਮਾਇਨੇ ਬਦਲੇ ਜਾ ਰਹੇ ਹਨ, 85 ਕਰੋੜ ਲੋਕਾਂ ਨੂੰ ਮਹਿਜ਼ ਰੋਜ਼ਗਾਰ ਦੀ ਥਾਂ ਕੁਝ ਕਿੱਲੋ ਮੁਫਤ ਰਾਸ਼ਨ ਦੇ ਕੇ ਪਹਿਲਾਂ 32 ਰੁਪਏ ਅਤੇ ਹੁਣ 46 ਰੁਪਏ ਵਿਚ ਦਿਨ-ਗੁਜ਼ਰ ਕਰਨ ਵਾਲਿਆਂ ਨੂੰ ਅਮੀਰ ਕਿਹਾ ਜਾ ਰਿਹਾ ਹੈ। ਆਪਣੇ ਤੇਲ, ਆਪਣੇ ਖਰੀਦੇ ਬੇਸਣ ਆਦਿ ਨਾਲ ਪਕੌੜੇ, ਚਾਹ ਵੇਚਣ ਵਾਲੇ ਨੂੰ ਸਰਕਾਰੀ ਰੋਜ਼ਗਾਰ ਦੱਸਿਆ ਜਾਂਦਾ ਹੈ। ਅਜ਼ਾਦੀ ਦੇ ਪਵਿੱਤਰ ਪਰਵ ਵਾਲੇ ਦਿਨ ਬਲਾਤਕਾਰ ਦੇ ਦੋਸ਼ੀਆਂ ਨੂੰ ਬੇਕਸੂਰ ਦੱਸ ਕੇ ਰਲੀਜ਼ ਕੀਤਾ ਜਾਂਦਾ ਹੈ ਅਤੇ ਫੁੱਲ-ਮਾਲਾਵਾਂ ਨਾਲ ਸਵਾਗਤ ਕੀਤਾ ਜਾਂਦਾ ਹੈ। ਘੱਟ-ਗਿਣਤੀਆਂ ਦੇ ਘਰਾਂ 'ਤੇ ਬੁਲਡੋਜ਼ਰ ਨਾਗ ਚੜ੍ਹਾਕੇ ਅਤੇ ਵਿਸ਼ੇਸ਼ ਵਰਗਾਂ ਦੇ ਬੂਹਿਆਂ 'ਤੇ ਵਿਸ਼ੇਸ਼ ਝੰਡੇ ਲਗਵਾ ਕੇ ਧਰੁਵੀਕਰਨ ਕੀਤਾ ਜਾ ਰਿਹਾ। ਪੱਛਮੀ ਬੰਗਾਲ 'ਚ ਜਾ ਕੇ ਬਲਾਤਕਾਰ ਦੀਆਂ ਸ਼ਿਕਾਰ ਔਰਤਾਂ ਨਾਲ ਹਮਦਰਦੀ ਕਰਕੇ ਦੁੱਖ ਵੰਡਣਾ ਚੰਗੀ ਗੱਲ ਹੈ ਪਰ ਆਸਾਮ ਦੀਆਂ ਨਗਨ ਪਰੇਡ ਦੀਆਂ ਸ਼ਿਕਾਰ ਔਰਤਾਂ ਲਈ ਹਮਦਰਦੀ ਦੇ ਸ਼ਬਦ ਨਹੀਂ ਹਨ, ਉਲਟਾ ਚੁੱਪੀ ਸਾਧ ਛੱਡਣੀ ਧਾਰਮਿਕ ਧਰੁਵੀਕਰਣ ਨਹੀਂ ਤਾਂ ਕੀ ਹੈ। ਪਹਿਲਾਂ ਵੀ ਅਪ੍ਰਤੱਖ ਤੌਰ 'ਤੇ ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਅਤੇ ਕੁੱਝ ਹੋਰ ਹਿੰਦੂ ਕੱਟੜਵਾਦ ਤਾਕਤਾਂ ਦੇਸ਼ ਨੂੰ ਪਾਕਿਸਤਾਨ ਦੀ ਤਰਜ਼'ਤੇ ਹਿੰਦੂ ਰਾਸ਼ਟਰ ਸਮਝਾਉਣ ਅਤੇ ਅਪਨਾਉਣ ਦੀ ਕੋਸ਼ਿਸ਼ ਕਰਦੀਆਂ ਰਹੀਆਂ ਹਨ। 2014 'ਚ ਭਾਜਪਾ ਸਰਕਾਰ ਕੇਂਦਰ ਵਿਚ ਆਉਣ ਨਾਲ ਅਤੇ ਮੋਦੀ ਸਾਹਿਬ ਦੇ ਪ੍ਰਧਾਨ ਮੰਤਰੀ ਬਣਨ ਨਾਲ ਹੀ ਅਜਿਹੀਆਂ ਤਾਕਤਾਂ ਦਾ ਸਰਗਰਮ ਹੋ ਜਾਣਾ ਅਤੇ ਖਾਣ-ਪੀਣ,ਪਹਿਰਾਵਾ, ਘੁੰਮਣ-ਫਿਰਨ , ਆਉਣ-ਜਾਣ, ਬੈਠਣ-ਖਲੋਣ ਅਤੇ ਪੂਜਾ-ਅਰਚਨਾ ਆਦਿ ਉੱਤੇ ਨਿਯਮ ਬੰਦ ਕਰਨ ਦੀ ਕੋਸ਼ਿਸ਼ ਕਰਨਾ ਆਮ ਲੋਕਾਂ ਵਿਚ ਖਾਸ ਕਰ ਘੱਟ-ਗਿਣਤੀਆਂ ਨੂੰ ਸਤਾਉਣ ਡਰਾਉਣ ਅਤੇ ਦਬਾਉਣ ਦਾ ਸਿਲਸਿਲਾ ਤੇਜ਼ੀ ਨਾਲ ਵਧਿਆ ਹੈ। ਫਿਰ ਸੜਕਾਂ, ਸੰਸਥਾਵਾਂ, ਸਥਾਨਾਂ, ਸਟੇਸ਼ਨਾਂ ਅਤੇ ਸਟੇਡੀਅਮ ਆਦਿ ਦੇ ਨਾਂਅ ਬਦਲ ਗਏ। ਕੇਂਦਰ ਵਿਚ ਭਾਜਪਾ ਸਰਕਾਰਾਂ ਪਹਿਲਾਂ ਵੀ ਰਹੀਆਂ ਹਨ, ਪਰ ਆਲਮ ਅਜਿਹਾ ਨਹੀਂ ਸੀ।

ਲੋਕਤੰਤਰ ਵਿਚ ਜਨਤਾ ਭਗਵਾਨ ਵਾਂਗ ਹੁੰਦੀ ਹੈ, ਪਰ ਹੁਣ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਕਿਸੇ ਵੀ ਭਗਵਾਨ ਨੂੰ ਅਜਿਹੇ ਦੌਰ ਵਿਚ ਕਿਸੇ ਵ

22-MAR-PAGE-5.qxd 3/21/2024 10:49 PM Page 1

ਮਿਲਾਵਟੀ ਸ਼ਰਾਬ ਵੇਚਣ ਵਾਲੇ ਗਰੋਹ ਦਾ ਪਰਦਾ ਫ਼ਾਸ਼, ਮੁੱਖ ਸਰਗਨੇ ਸਮੇਤ 4 ਗ੍ਰਿਫ਼ਤਾਰ

ਸੰਗਰੂਰ (ਪ੍ਰਵੀਨ ਸਿੰਘ)

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ ਅਰਪਿਤ ਸ਼ੁਕਲਾ ਨੇ ਸਥਾਨਕ ਪੁਲਸ ਲਾਈਨਜ਼ ਵਿਖੇ ਕੀਤੀ ਗਈ ਇੱਕ ਪ੍ਰੈੱਸ ਕਾਨਫ਼ਰੰਸ ਦੌਰਾਨ ਦੱਸਿਆ ਕਿ ਡੀ.ਆਈ.ਜੀ. ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਤੇ ਐੱਸ.ਐੱਸ.ਪੀ. ਸਰਤਾਜ ਸਿੰਘ ਚਾਹਲ ਦੀ ਅਗਵਾਈ ਵਿੱਚ ਜ਼ਿਲ੍ਹਾ ਪੁਲਸ ਨੇ ਬੜੀ ਤੇਜ਼ੀ ਨਾਲ ਕਾਰਵਾਈ ਕਰਦਿਆਂ ਦਿੜ੍ਹਬਾ ਇਲਾਕੇ ਵਿੱਚ ਮਿਲਾਵਟੀ ਸ਼ਰਾਬ ਵੇਚਣ ਵਾਲੇ ਗਰੋਹ ਦਾ ਪਰਦਾਫ਼ਾਸ਼ ਕੀਤਾ ਹੈ।ਜ਼ਿਲ੍ਹਾ ਪੁਲਸ ਵੱਲੋਂ ਇਸ ਗੈਂਗ ਦੇ ਮੁੱਖ ਸਰਗਨੇ ਸਮੇਤ 4 ਕਥਿਤ ਮੁਲਜ਼ਮਾਂ ਨੂੰ ਕਾਬੂ ਕਰਨ ਦੇ ਨਾਲ-ਨਾਲ ਵੱਡੀ ਮਾਤਰਾ ਵਿੱਚ ਮਿਲਾਵਟੀ ਸ਼ਰਾਬ ਤੇ ਸ਼ਰਾਬ ਬਣਾਉਣ 'ਤੇ ਇਸ ਨੂੰ ਵੇਚਣ ਲਈ ਵਰਤਿਆ ਜਾਣ ਵਾਲਾ ਸਾਮਾਨ ਵੀ ਭਾਰੀ ਮਾਤਰਾ ਵਿੱਚ ਜ਼ਬਤ ਕੀਤਾ ਹੈ।ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਕਥਿਤ ਮੁਲਜ਼ਮਾਂ ਦੀ ਪਛਾਣ ਸੁਖਵਿੰਦਰ ਸਿੰਘ ਉਰਫ਼ ਸੁੱਖੀ ਪੁੱਤਰ ਅਵਤਾਰ ਸਿੰਘ, ਮਨਪ੍ਰੀਤ ਸਿੰਘ ਉਰਫ਼ ਮਨੀ ਪੁੱਤਰ ਅਮਰੀਕ ਸਿੰਘ ਦੋਵੇਂ ਵਾਸੀਆਨ ਪਿੰਡ ਗੁੱਜਰਾਂ, ਗੁਰਲਾਲ ਸਿੰਘ ਪੁੱਤਰ ਮੇਵਾ ਸਿੰਘ ਵਾਸੀ ਪਿੰਡ ਉੱਭਾਵਾਲ ਤੇ ਹਰਮਨਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਪਿੰਡ ਤੇਈਪੁਰ ਜ਼ਿਲ੍ਹਾ ਪਟਿਆਲਾ ਵਜੋਂ ਹੋਈ ਹੈ।

ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ ਅਰਪਿਤ ਸ਼ੁਕਲਾ ਨੇ ਦੱਸਿਆ ਕਿ 20 ਮਾਰਚ ਦੀ ਸਵੇਰ ਦਿੜ੍ਹਬਾ ਦੇ ਪਿੰਡ ਗੁੱਜਰਾਂ ਦੇ 4 ਵਿਅਕਤੀਆਂ ਦੀ ਮਿਲਾਵਟੀ ਸ਼ਰਾਬ ਪੀਣ ਨਾਲ ਮੌਤ ਤੇ ਕੁਝ ਹੋਰਨਾਂ ਦੇ ਬਿਮਾਰ ਹੋ ਕੇ ਸਿਵਲ ਹਸਪਤਾਲ ਸੰਗਰੂਰ ਦਾਖਲ ਹੋਣ ਦੀ ਸੂਚਨਾ ਪ੍ਰਾਪਤ ਹੋਈ ਸੀ।

ਉਨ੍ਹਾਂ ਦੱਸਿਆ ਕਿ ਸੰਗਰੂਰ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ, ਜਿੱਥੇ ਜਗਜੀਤ ਸਿੰਘ (27) ਪੁੱਤਰ ਜੋਗਾ ਸਿੰਘ, ਭੋਲਾ ਸਿੰਘ (55) ਪੁੱਤਰ ਬਸੰਤ ਸਿੰਘ, ਪਰਗਟ ਸਿੰਘ (40) ਪੁੱਤਰ ਜੋਰਾ ਸਿੰਘ ਤੇ ਨਿਰਮਲ ਸਿੰਘ (40) ਪੁੱਤਰ ਜੋਰਾ ਸਿੰਘ, ਸਾਰੇ ਵਾਸੀਆਨ ਪਿੰਡ ਗੁੱਜਰਾਂ, ਮ੍ਰਿਤਕ ਪਾਏ ਗਏ।ਉਨ੍ਹਾਂ ਦੱਸਿਆ ਕਿ ਬਿਮਾਰ ਹੋਣ ਵਾਲੇ ਕੁਝ ਵਿਅਕਤੀਆਂ, ਜਿਨ੍ਹਾਂ ਵਿੱਚ ਲਾਡੀ ਸਿੰਘ (27) ਪੁੱਤਰ ਜਗਰੂਪ ਸਿੰਘ ਵਾਸੀ ਗੁੱਜਰਾਂ, ਕ੍ਰਿਪਾਲ ਸਿੰਘ ਪੁੱਤਰ ਮੋਹਣ ਲਾਲ ਤੇ ਕੁਲਦੀਪ ਸਿੰਘ ਉਰਫ਼ ਟੱਲੀ ਪੁੱਤਰ ਗੁਰਜੰਟ ਸਿੰਘ, ਦੋਵੇਂ ਵਾਸੀਆਨ ਪਿੰਡ ਢੰਡੋਲੀ ਖੁਰਦ ਤੇ ਗੁਰਸੇਵਕ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਉਪਲੀ ਦੀ ਰਾਜਿੰਦਰਾ ਹਸਪਤਾਲ ਵਿਖੇ ਦੌਰਾਨ-ਏ ਇਲਾਜ ਮੌਤ ਹੋ ਗਈ, ਜਦਿਕ 12 ਹੋਰ ਵਿਅਕਤੀ, ਜਿਨ੍ਹਾਂ ਵਿੱਚ ਵੀਰਪਾਲ ਸਿੰਘ, ਰਾਮ ਚੰਦ, ਬੇਅੰਤ ਸਿੰਘ, ਹਰਪਾਲ ਸਿੰਘ, ਸਮੀ ਸਿੰਘ, ਜਰਨੈਲ ਸਿੰਘ ਉਰਫ਼ ਕਾਲਾ, ਗੁਰਜੀਤ ਸਿੰਘ ਉਰਫ਼ ਜੀਤੀ, ਰਣਧੀਰ ਸਿੰਘ, ਸਤਨਾਮ ਸਿੰਘ, ਬਬਲੀ ਤੇ ਲਖਵਿੰਦਰ ਸਿੰਘ ਸਾਰੇ ਵਾਸੀਆਨ ਪਿੰਡ ਗੁੱਜਰਾਂ ਤੇ ਗੁਰਜੰਟ ਸਿੰਘ ਵਾਸੀ ਢੰਡੋਲੀ ਖੁਰਦ ਸ਼ਾਮਲ ਹਨ, ਵੱਖ-ਵੱਖ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ।ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਸ ਅਰਪਿਤ ਸ਼ੁਕਲਾ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਕਥਿਤ ਮੁਲਜ਼ਮ ਮਨਪ੍ਰੀਤ ਸਿੰਘ ਉਰਫ਼ ਮਨੀ ਤੇ ਸੁਖਵਿੰਦਰ ਸਿੰਘ ਉਰਫ਼ ਸੁੱਖੀ ਨੇ 16 ਤੇ 17 ਮਾਰਚ 2024 ਨੂੰ ਗੁਰਲਾਲ ਸਿੰਘ ਤੋਂ ਮਿਲਾਵਟੀ ਸ਼ਰਾਬ ਖਰੀਦ ਕੇ ਪੀੜਤ ਵਿਅਕਤੀਆਂ ਨੂੰ ਵੇਚੀ ਸੀ, ਜਿਸ ਤੋਂ ਬਾਅਦ ਹੁਣ ਤੱਕ 8 ਪੀੜਤਾਂ ਦੀ ਮੌਤ ਹੋ ਗਈ, ਜਦਕਿ 12 ਇਲਾਜ ਅਧੀਨ ਹਨ।ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਮਾਮਲਾ ਉਜਾਗਰ ਹੋਣ 'ਤੇ 20 ਮਾਰਚ 2024 ਨੂੰ ਇਸ ਕੇਸ ਸਬੰਧੀ ਭਾਰਤੀ ਦੰਡਾਵਲੀ ਦੀ ਧਾਰਾ 302 ਤੇ 34 ਅਤੇ ਆਬਕਾਰੀ ਐਕਟ ਦੀ ਧਾਰਾ 61/1/14 ਤਹਿਤ ਪੁਲਸ ਥਾਣਾ ਦਿੜ੍ਹਬਾ ਵਿਖੇ 25 ਨੰਬਰ ਪਰਚਾ ਦਰਜ ਕਰਕੇ ਕੁਝ ਹੀ ਸਮੇਂ ਅੰਦਰ ਮਨਪ੍ਰੀਤ ਤੇ ਸੁਖਵਿੰਦਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।ਉਨ੍ਹਾ ਕਿਹਾ ਕਿ ਤਫ਼ਤੀਸ਼ ਦੌਰਾਨ ਗੁਰਲਾਲ ਸਿੰਘ ਦਾ ਨਾਂ ਇਸ ਮਾਮਲੇ ਵਿੱਚ ਮਾਸਟਰਮਾਈਂਡ ਦੇ ਤੌਰ 'ਤੇ ਉੱਭਰਿਆ, ਜਿਸ ਤੋਂ ਤੁਰੰਤ ਬਾਅਦ ਉਸ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਗੁਰਲਾਲ ਨੇ ਪੜਤਾਲ ਦੌਰਾਨ ਖੁਲਾਸਾ ਕੀਤਾ ਕਿ ਤੇਈਪੁਰ ਦਾ ਰਹਿਣ ਵਾਲਾ ਹਰਮਨਪ੍ਰੀਤ ਵੀ ਇਸ ਮਾਮਲੇ ਵਿੱਚ ਉਸ ਦਾ ਸਾਥੀ ਹੈ, ਜਿਸ ਨੂੰ ਵੀ ਤੁਰੰਤ ਕਾਬੂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਕਥਿਤ ਮੁਲਜ਼ਮਾਂ ਕੋਲੋਂ 200 ਲੀਟਰ ਏਥੇਨਲ, 156 ਅਲਕੋਹਲ ਦੀਆਂ ਬੋਤਲਾਂ, ਮਿਲਾਵਟੀ ਸ਼ਰਾਬ ਦੀਆਂ ਬਗੈਰ ਕਿਸੇ ਲੇਬਲ ਤੋਂ 80 ਬੋਤਲਾਂ, 130 ਲੇਬਲ ਵਾਲੀਆਂ ਮਿਲਾਵਟੀ ਸ਼ਰਾਬ ਦੀਆਂ ਬੋਤਲਾਂ, 4500 ਖਾਲੀ ਬੋਤਲਾਂ, 4600 ਢੱਕਣ, 10 ਲੀਟਰ ਸ਼ਰਾਬ ਤਿਆਰ ਕਰਨ ਲਈ ਵਰਤਿਆ ਜਾਣ ਵਾਲਾ ਫਲੇਵਰ, 25 ਲੀਟਰ ਰੰਗ, ਇੱਕ ਬੋਟਲਿੰਗ ਮਸ਼ੀਨ, 8 ਐਲਕੋਹਲ ਮੀਟਰ, ਇੱਕ ਲੇਪਟੋਪ, ਇੱਕ ਪ੍ਰਿੰਟਰ, ਇੱਕ ਪੈਕਟ ਕੋਰਾ ਕਾਗਜ਼, 4 ਬੋਤਲ ਕਾਲਾ ਰੰਗ ਲੇਬਲ ਵਾਲਾ, ਬੋਤਲਾਂ ਦੇ ਲੇਬਲ, ਹਾਂਡਾ ਅਮੇਜ਼ ਕਾਰ, ਟੱਬ ਤੇ ਬਾਲਟੀ ਅਤੇ 315 ਗੱਤੇ ਦੀਆਂ ਪੇਟੀਆਂ ਬਰਾਮਦ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਫੜੇ ਗਏ ਕਥਿਤ ਮੁਲਜ਼ਮਾਂ ਉੱਪਰ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ ਵੱਖ ਵੱਖ ਧਾਰਾਵਾਂ ਤਹਿਤ ਪਰਚੇ ਦਰਜ ਹਨ।ਉਨ੍ਹਾਂ ਕਿਹਾ ਕਿ ਮਾਮਲੇ ਦੀ ਪੁਖ਼ਤਾ ਪੜਤਾਲ ਲਈ ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਵੱਲੋਂ ਵੀ ਐੱਸ.ਡੀ.ਐੱਮ. ਦਿੜ੍ਹਬਾ ਦੀ ਅਗਵਾਈ ਵਿੱਚ ਇੱਕ ਹਾਈ ਪਾਵਰ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜੋ ਤਿੰਨ ਦਿਨਾਂ ਵਿੱਚ ਉਨ੍ਹਾਂ ਨੂੰ ਆਪਣੀ ਰਿਪੋਰਟ ਪੇਸ਼ ਕਰੇਗੀ।ਉਨ੍ਹਾ ਕਿਹਾ ਕਿ ਜੇਕਰ ਕੋਈ ਵੀ ਵਿਅਕਤੀ ਇਸ ਤਰ੍ਹਾਂ ਦੀ ਮਿਲਾਵਟੀ ਸ਼ਰਾਬ ਬਾਰੇ ਕੋਈ ਜਾਣਕਾਰੀ ਸਾਂਝੀ ਕਰਨੀ ਚਾਹੁੰਦਾ ਹੈ ਜਾਂ ਮਿਲਾਵਟੀ ਸ਼ਰਾਬ ਦੇ ਸੇਵਨ ਕਰਕੇ ਸਿਹਤ ਵਿਗੜਦੀ ਹੈ ਤਾਂ ਉਹ ਵਿਅਕਤੀ ਤੁਰੰਤ 112 ਨੰਬਰ ਡਾਇਲ ਕਰਕੇ ਪੁਲਸ ਦੀ ਸਹਾਇਤਾ ਪ੍ਰਾਪਤ ਕਰ ਸਕਦਾ ਹੈ।

ਭਾਰਤੀ ਕਮਿਊਨਿਸਟ ਪਾਰਟੀ ਜਲਾਲਾਬਾਦ ਦੀ ਮੀਟਿੰਗ ਹੋਈ

ਲੋਕ ਘੋਲਾਂ ਦੇ ਮਰਹੂਮ ਆਗੂ ਕਾਮਰੇਡ ਆਲਾ ਸਿੰਘ ਦੀ ਯਾਦ 'ਚ ਕਿਸਾਨ ਕਾਨਫਰੰਸ ਤੇ ਸੱਭਿਆਚਾਰਕ ਸਮਾਗਮ 28 ਨੂੰ ਹੋਵੇਗਾ : ਗੋਲਡਨ

ਜਲਾਲਾਬਾਦ (ਜੰਗੀਰ ਕੌਰ ਫਲੀਆਂਵਾਲਾ)

ਮੀਟਿੰਗ 'ਚ ਹਾਜ਼ਰ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਕਾਮਰੇਡ ਹੰਸ ਰਾਜ ਗੋਲਡਨ।

ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਬਲਾਕ ਜਲਾਲਾਬਾਦ ਦੀ ਜਨਰਲ ਬਾਡੀ ਦੀ ਮੀਟਿੰਗ ਸਥਾਨਕ ਸੁਤੰਤਰ ਭਵਨ (ਦਫਤਰ ਸੀ ਪੀ ਆਈ) ਵਿਖੇ ਕਾਮਰੇਡ ਖਰੈਤ ਲਾਲ ਬੱਘੇ ਕੇ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ 'ਚ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਬ੍ਰਾਂਚ ਸਕੱਤਰਾਂ ਸਮੇਤ ਪਿੰਡਾਂ ਵਿੱਚੋਂ ਪਾਰਟੀ ਦੇ ਸਰਗਰਮ ਵਰਕਰਾਂ ਨੇ ਸ਼ਮੂਲੀਅਤ ਕੀਤੀ ਤੇ ਲੋਕ ਘੋਲਾਂ ਦੇ ਮਰਹੂਮ ਆਗੂ ਕਾਮਰੇਡ ਆਲਾ ਸਿੰਘ ਦੀ 21ਵੀਂ ਬਰਸੀ ਮੌਕੇ ਹੋਣ ਵਾਲੀ ਕਿਸਾਨ ਕਾਨਫਰੰਸ ਤੇ ਸੱਭਿਆਚਾਰਕ ਸਮਾਗਮ ਦੀ ਤਿਆਰੀ ਲਈ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਸੀ ਪੀ ਆਈ ਜ਼ਿਲ੍ਹਾ ਫਾਜ਼ਿਲਕਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਨੇ ਕਿਹਾ ਕਿ ਸੀ ਪੀ ਆਈ ਤੇ ਕੁੱਲ ਹਿੰਦ ਕਿਸਾਨ ਸਭਾ ਜਲਾਲਾਬਾਦ ਵੱਲੋਂ 28 ਮਾਰਚ ਨੂੰ ਸਵੇਰੇ 11 ਵਜੇ ਸਥਾਨਕ ਨਵੀਂ ਅਨਾਜ ਮੰਡੀ ਵਿਖੇ ਕਾਮਰੇਡ ਆਲਾ ਸਿੰਘ ਦੀ ਯਾਦ ਵਿੱਚ ਹਰ ਸਾਲ ਦੀ ਤਰ੍ਹਾਂ ਬਲਾਕ ਪੱਧਰੀ ਸਮਾਗਮ ਕੀਤਾ ਜਾਵੇਗਾ, ਜਿਸ ਵਿੱਚ ਸੀ ਪੀ ਆਈ ਦੇ ਸੂਬਾ ਸਕੱਤਰ ਕਾਮਰੇਡ ਬੰਤ ਬਰਾੜ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਪ੍ਰਧਾਨ ਐਡਵੋਕੇਟ ਪਰਮਜੀਤ ਸਿੰਘ ਢਾਬਾਂ, ਸੂਬਾ ਸਕੱਤਰ ਚਰਨਜੀਤ ਸਿੰਘ ਛਾਂਗਾ ਰਾਏ ਬੁਲਾਰੇ ਦੇ ਰੂਪ ਵਿੱਚ ਪਹੁੰਚਣਗੇ, ਜਦੋਂਕਿ ਜਗਸੀਰ ਜੀਦਾ ਐਂਡ ਪਾਰਟੀ ਵੱਲੋਂ ਇਨਕਲਾਬੀ ਗੀਤ ਤੇ ਨਾਟਕ ਪੇਸ਼ ਕੀਤੇ ਜਾਣਗੇ। ਉਨ੍ਹਾਂ ਪਾਰਟੀ ਦੇ ਸੀਨੀਅਰ ਮੈਂਬਰਾਂ, ਪਿੰਡਾਂ ਦੀਆਂ ਬ੍ਰਾਂਚਾਂ ਦੇ ਸਕੱਤਰਾਂ ਨੂੰ ਆਪਣੇ ਪਰਿਵਾਰਾਂ ਸਮੇਤ ਇਸ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਤੋਂ ਬਾਅਦ ਸੀ ਪੀ ਆਈ ਬਲਾਕ ਜਲਾਲਾਬਾਦ ਦੇ ਸਕੱਤਰ ਕਾਮਰੇਡ ਛਿੰਦਰ ਸਿੰਘ ਮਹਾਲਮ ਨੇ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਦੀ ਵੱਧ ਤੋਂ ਵੱਧ ਮੈਂਬਰਸ਼ਿਪ ਕਰਕੇ ਪਾਰਟੀ ਨੂੰ ਮਜ਼ਬੂਤ ਕਰੀਏ ਤੇ ਆਉਣ ਵਾਲੀ 23 ਮਾਰਚ 2024 ਨੂੰ ਹੁਸੈਨੀਵਾਲਾ ਵਿਖੇ ਸ਼ਹੀਦ ਭਗਤ ਸਿੰਘ ਦੀ ਸਮਾਧ 'ਤੇ ਵੱਧ ਤੋਂ ਵੱਧ ਪਹੁੰਚ ਕੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣ। ਇਸ ਮੌਕੇ ਜ਼ਿਲ੍ਹਾ ਮੀਤ ਸਕੱਤਰ ਕਾਮਰੇਡ ਸੁਰਿੰਦਰ ਢੰਡੀਆ ਨੇ ਕਿਹਾ ਕਿ ਜਿਹੜੇ ਪਿੰਡਾਂ 'ਚ ਨਰੇਗਾ ਦਾ ਕੰਮ ਨਹੀਂ ਚੱਲ ਰਿਹਾ ਜਾਂ ਕੋਈ ਨਰੇਗਾ ਦੇ ਕੰਮ ਵਿੱਚ ਦਖਲ ਅੰਦਾਜ਼ੀ ਕਰਦਾ ਹੈ ਅਤੇ ਮਜ਼ਦੂਰਾਂ ਦੇ ਕੰਮ ਵਿੱਚ ਅੜਿੱਕਾ ਪਾਉਂਦਾ ਹੈ ਜਾਂ ਨਰੇਗਾ ਵਰਕਰਾਂ ਨੂੰ ਕੰਮ ਦੇਣ ਵਿੱਚ ਕੋਈ ਵੀ ਕੁਤਾਈ ਕਰਦਾ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਭਾਰਤੀ ਕਾਮਿਊਨਿਸਟ ਪਾਰਟੀ ਵੱਲੋਂ ਨਰੇਗਾ ਵਰਕਰਾਂ ਦੇ ਹੱਕ ਵਿੱਚ ਸੰਘਰਸ਼ ਕੀਤਾ ਜਾਵੇਗਾ, ਜਿਸ ਸਬੰਧੀ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਖਰੈਤ ਲਾਲ ਬੱਘੇਕੇ, ਨਰਿੰਦਰ ਢਾਬਾਂ, ਕੇਵਲ ਕ੍ਰਿਸ਼ਨ ਧਰਮੂਵਾਲਾ, ਜਰਨੈਲ ਢਾਬਾਂ, ਬਲਵਿੰਦਰ ਮਹਾਲਮ ਸੰਦੀਪ ਜੋਧਾ ਤੇ ਕਰਨੈਲ ਬੱਘੇਕੇ ਨੇ ਸੰਬੋਧਨ ਕੀਤਾ।

ਕਾਤਰਾਂ

ਅੱਜ ਬਿਜਲੀ ਬੰਦ ਰਹੇਗੀ

ਚੀਮਾ ਮੰਡੀ (ਰਵਿੰਦਰ ਚੀਮਾ)-ਬਿਜਲੀ ਬੋਰਡ ਦੀ ਸਬ ਡਵੀਜ਼ਨ ਚੀਮਾ ਦੇ ਐੱਸ.ਡੀ.ਓ. ਇੰਜੀ: ਨਰੇਸ਼ ਕੁਮਾਰ ਨੇ ਦੱਸਿਆ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ. ਅਧੀਨ ਪੈਂਦੇ 220 ਕੇਵੀ ਗਰਿੱਡ ਸੁਨਾਮ ਤੋਂ 66 ਕੇਵੀ ਗਰਿੱਡ ਚੀਮਾ ਦੀਆਂ ਬਿਜਲੀ ਲਾਈਨਾਂ ਦੀ ਮੁਰੰਮਤ ਕਰਨ ਲਈ 22 ਮਾਰਚ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਤੱਕ 66 ਕੇਵੀ ਗਰਿੱਡ ਚੀਮਾ ਤੋਂ ਚਲਦੀ ਚੀਮਾ, ਕਣਕਵਾਲ, ਸਤੌਜ, ਗੰਢੂਆਂ ਤੇ ਮਾਡਲ ਟਾਊਨ ਸ਼ੋਰੋਂ ਦੀ ਘਰੇਲੂ ਤੇ ਖੇਤੀਬਾੜੀ ਬਿਜਲੀ ਸਪਲਾਈ ਬੰਦ ਰਹੇਗੀ।

ਪੰਜਾਬ ਖੱਤਰੀ ਸਭਾ ਦੇ ਮੈਂਬਰਾਂ ਵੱਲੋਂ ਦੁੱਖ ਦਾ ਪ੍ਰਗਟਾਵਾ

ਸ੍ਰੀ ਮੁਕਤਸਰ ਸਾਹਿਬ (ਪੂਜਾ)-ਪੰਜਾਬ ਖੱਤਰੀ ਸਭਾ ਯੂਨਿਟ ਦੇ ਸੀਨੀਅਰ ਮੀਤ ਪ੍ਰਧਾਨ ਨੇਮਪਾਲ ਸਿੰਘ ਬੇਦੀ ਦੀ ਧਰਮ ਪਤਨੀ ਬੀਬਾ ਹਰਮੀਤ ਕੌਰ ਬੇਦੀ ਦਾ ਦਿਲ ਦਾ ਦੌਰਾ ਪੈਣ ਕਾਰਨ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ, ਜਿਸ ਉੱਪਰ ਪੰਜਾਬ ਖੱਤਰੀ ਸਭਾ ਯੂਨਿਟ ਦੇ ਮੈਂਬਰਾਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। 23 ਮਾਰਚ ਨੂੰ ਪਾਠ ਦਾ ਭੋਗ ਤੇ ਅੰਤਮ ਅਰਦਾਸ 12-1 ਵਜੇ ਸ਼ਿਵ ਸ਼ਕਤੀ ਹਾਲ ਜਲਾਲਾਬਾਦ ਵਿਖੇ ਹੋਵੇਗੀ।

ਮੁਕਤਸਰ ਵਿਕਾਸ ਮਿਸ਼ਨ ਦੀ ਮੀਟਿੰਗ ਅੱਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪਰਮਜੀਤ ਸਿੰਘ, ਪੂਜਾ, ਕੁਲਭੂਸ਼ਨ ਚਾਵਲਾ)-ਮੁਕਤਸਰ ਵਿਕਾਸ ਮਿਸ਼ਨ ਦੀ ਵਿਸ਼ੇਸ਼ ਮੀਟਿੰਗ 22 ਮਾਰਚ ਨੂੰ ਸ਼ਾਮ ਦੇ 6:00 ਵਜੇ ਸਥਾਨਕ ਰੇਲਵੇ ਰੋਡ ਸਥਿਤ ਪਵਨ ਹੋਟਲ ਵਿਖੇ ਕੀਤੀ ਜਾਵੇਗੀ।ਮੀਟਿੰਗ ਦੌਰਾਨ ਮਿਸ਼ਨ ਦੀ ਨਵੀਂ ਕਾਰਜਕਾਰਨੀ ਦਾ ਗਠਨ ਕੀਤਾ ਜਾਵੇਗਾ।ਨਵੀਂ ਕਾਰਜਕਾਰਨੀ ਦਾ ਕਾਰਜਕਾਲ 01 ਅਪ੍ਰੈਲ 2024 ਤੋਂ 31 ਮਾਰਚ 2025 ਤੱਕ ਹੋਵੇਗਾ।ਉਕਤ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਮੈਂਬਰਾਂ ਦੀ ਪਿਛਲੀ ਕਾਰਗੁਜ਼ਾਰੀ ਦਾ ਲੇਖਾ ਜੋਖਾ ਕਰਕੇ ਹੀ ਨਵੀਂ ਕਾਰਜਕਾਰਨੀ ਵਿੱਚ ਸ਼ਾਮਲ ਕੀਤਾ ਜਾਵੇਗਾ। ਪ੍ਰਧਾਨ ਢੋਸੀਵਾਲ ਨੇ ਮੁਕਤਸਰ ਵਿਕਾਸ ਮਿਸ਼ਨ ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਉਕਤ ਵਿਸ਼ੇਸ਼ ਮੀਟਿੰਗ ਵਿੱਚ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ।

ਲੋਕਾਂ ਨੇ 2 ਚੋਰ ਦਬੋਚੇ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ 'ਚ ਸ਼ਹਿਰ ਦੀ ਤੇਲੂ ਮੱਲ ਵਾਲੀ ਗਲੀ 'ਚ ਤੇਜ਼ਧਾਰ ਹਥਿਆਰਾਂ ਨਾਲ ਲੈਸ ਦੋ ਚੋਰਾਂ ਨੇ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ, ਪਰ ਚੌਕੀਦਾਰ ਦੀ ਸਮਝਦਾਰੀ ਤੇ ਵਿਰੋਧ ਕਾਰਨ ਚੋਰਾਂ ਨੂੰ ਲੋਕਾਂ ਨੇ ਦਬੋਚ ਲਿਆ।ਪਹਿਲਾਂ ਦੋਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ ਤੇ ਬਾਅਦ 'ਚ ਰੱਸੀ ਨਾਲ ਬੰਨ੍ਹ ਦਿੱਤਾ ਗਿਆ।ਦੋਵਾਂ ਦੀ ਕੁੱਟਮਾਰ ਕਰਨ ਤੋਂ ਬਾਅਦ ਲੋਕਾਂ ਨੇ ਉਨ੍ਹਾਂ ਨੂੰ ਪੁਲਸ ਹਵਾਲੇ ਕਰ ਦਿੱਤਾ।ਹਾਲਾਂਕਿ ਇਸ ਤੋਂ ਪਹਿਲਾਂ ਦੋਵਾਂ ਚੋਰਾਂ ਨੇ ਵਿਰੋਧ ਕਰਨ 'ਤੇ ਚੌਕੀਦਾਰ ਨੂੰ ਤੇਜ਼ਧਾ

page-6-22-March.-2024.qxd 3/21/2024 10:55 PM Page 1

ਬਿਨਾਂ ਆਗਿਆ ਲਿਆਂ ਰਾਜਨੀਤਿਕ ਮੀਟਿੰਗ ਕਰਨ 'ਤੇ ਸੰਬੰਧਤ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨੂੰ ਨੋਟਿਸ

ਪਠਾਨਕੋਟ (ਦਵਿੰਦਰ ਸਿੰਘ)- ਲੋਕ ਸਭਾ ਚੋਣਾਂ-2024 ਦਾ ਆਗਾਜ਼ ਹੋ ਚੁੱਕਿਆ ਹੈ ਅਤੇ ਆਦਿੱਤਿਆ ਉੱਪਲ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਅਤੇ ਜ਼ਿਲ੍ਹਾ ਪਠਾਨਕੋਟ ਅੰਦਰ ਵੱਖ ਵੱਖ ਲੋਕ ਸਭਾ ਸੈਗਮੈਂਟਾਂ ਦੇ ਏ.ਆਰ.ਓਜ਼ ਵੱਲੋਂ ਵੀ ਸਮੇਂ ਸਮੇਂ 'ਤੇ ਵੱਖ ਵੱਖ ਰਾਜਨੀਤਿਕ ਪਾਰਟੀਆਂ ਨਾਲ ਮੀਟਿੰਗਾਂ ਕਰਕੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਬਿਨਾਂ ਕਿਸੇ ਪਰਮਿਸ਼ਨ ਦੇ ਕਿਸੇ ਵੀ ਪ੍ਰਕਾਰ ਦੀ ਮੀਟਿੰਗ ਕਰਨਾ ਜਾਂ ਰੈਲੀ ਕਰਨਾ ਆਦਰਸ਼ ਚੋਣ ਜ਼ਾਬਤਾ ਦੀ ਉਲੰਘਣਾ ਹੈ।ਜ਼ਿਕਰਯੋਗ ਹੈ ਕਿ ਲੋਕ ਸਭਾ ਸੈਗਮੈਂਟ ਪਠਾਨਕੋਟ ਦੇ ਅਧੀਨ ਆਉਂਦੇ ਖੇਤਰ ਵਿੱਚ ਸਿਟੀ ਪਠਾਨਕੋਟ ਵਿਖੇ ਪਿਛਲੇ ਦਿਨਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਰਾਜਨੀਤਿਕ ਮੀਟਿੰਗ ਆਯੋਜਿਤ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਆਰ.ਓ. ਪਠਾਨਕੋਟ ਡਾ. ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਵੱਲੋਂ ਇੱਕ ਰਾਜਨੀਤਿਕ ਮੀਟਿੰਗ ਬਿਨਾਂ ਪਰਮਿਸ਼ਨ ਦੇ ਆਯੋਜਿਤ ਕੀਤੀ ਗਈ, ਜਿਸ 'ਤੇ ਕਾਰਵਾਈ ਕਰਦਿਆਂ ਏ.ਆਰ.ਓ. ਪਠਾਨਕੋਟ ਵੱਲੋਂ ਉਪਰੋਕਤ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਨੂੰ ਦੋ ਦਿਨਾਂ ਦੇ ਅੰਦਰ ਅੰਦਰ ਸਪੱਸ਼ਟੀਕਰਨ ਦੇਣ ਦੇ ਲਈ ਨੋਟਿਸ ਜਾਰੀ ਕੀਤੇ ਗਏ ਹਨ।

COURTS NOTICE

(U/o 5 Rule 20 CPB)
In the Court of Ms. Tripat Jot Kaur
Additional Principal Judge
Family Court-1,
Camp Court at Nakodar
CNR No. PBJL01-003774-2024
Next Date :- 15-05-2024
Kamaljit Kaur
Vs.
Gurwinder Singh
Petition Under Guardian and wards Act
Publication Issued To: General Public
:- General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 15.05.2024 at 10:00 A.M.

For details logon to https://highcourtchd.gov.in/?trs=district_notice&district= Jalandhar

Additional Principal Judge
Family Court-1, Camp Court at Nakodar.
Dated this day of 15-03-2024

COURTS NOTICE

(U/o 5 Rule 20 CPB)
In The Court of Sh. Bagicha Singh
Civil Judge, (Senior Division)
Tarn Taran
Next Date, Purpose of Case, Orders and Judgments as well as other case information is available on http://districts.ecourts.gov.in
CNR No. PBTT02-000197-2024
Next Date : 05.04.2024
Jasdeep Singh S/o Jaswant Singh R/o Sheron Tehsil and District Tarn Taran
Vs
General Public
Publication Issued To: General Public
:- Tarn Taran

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 05.04.2024 at 10:00 A.M.

For details logon to https://highcourtchd.gov.in/?trs=district_notice&district=Tarn Taran

Civil Judge, (Senior Division)
Tarn Taran
Dated this day of 20-03-2024

COURT NOTICE

(U/o 5 Rule 20 CPB)
In The Court of Rajwant Kaur
Civil Judge, (Senior Division),
Kapurthala
CNR No. PBKP02-000201-2024
Next Date : 01.05.2024
Ashu Marria aged about 39 years son of late Ramesh Kumar Marria R/o House No. 196, New Mohabbat Nagar, Kapurthala and others
Vs
General Public
Suit for declaration
Publication Issued To: Defendant
General Public

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 01.05.2024 at 10:00 A.M.

For details logon to https://highcourtchd.gov.in/?trs=district_notice&district=Kapurthala

Civil Judge, (Senior Division)
Kapurthala
Dated this day of 20-03-2024

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਰਤਨਜੀਤ ਪੁੱਲਰ ਜਾਇੰਟ ਸਬ-ਰਜਿਸਟਰਾਰ
ਨੌਸ਼ਹਿਰਾ ਮੱਝਾ ਸਿੰਘ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇੱਕ ਗੈਰ-ਤਸਦੀਕਸ਼ੁਦਾ ਵਸੀਅਤ ਵੱਲੋਂ ਗੁਰਬਚਨ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਵਜੀਰ ਸਿੰਘ ਵਾਸੀ ਪਿੰਡ ਹਰਸੀਆਂ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਨੇ ਮਿਤੀ 10.07.2019 ਨੂੰ ਬਹੱਕ ਆਪਣੇ ਦੋਹਤਰੇ ਮਨਪ੍ਰੀਤ ਸਿੰਘ ਪੁੱਤਰ ਜਸਵੰਤ ਸਿੰਘ ਪਿੰਡ ਪਿਪਲੀਆਂ ਅਹਿਲਾ, ਤਹਿਸੀਲ ਬਿਲਾਸਪੁਰ, ਜ਼ਿਲ੍ਹਾ ਰਾਮਪੁਰ (ਉੱਤਰ ਪ੍ਰਦੇਸ਼) ਕੀਤੀ ਹੋਈ ਹੈ। ਗੁਰਬਚਨ ਸਿੰਘ ਪੁੱਤਰ ਹਰੀ ਸਿੰਘ ਪੁੱਤਰ ਵਜੀਰ ਸਿੰਘ ਦੀ ਮੌਤ ਮਿਤੀ 14-09-2019 ਨੂੰ ਹੋ ਚੁੱਕੀ ਹੈ। ਹੁਣ ਇਹ ਵਸੀਅਤ ਰਜਿਸਟਰਡ ਕਰਨ ਲਈ ਇਸ ਅਦਾਲਤ ਵਿੱਚ ਪੇਸ਼ ਹੋਈ ਹੈ।

ਉਪਰੋਕਤ ਅਨੁਲਗ ਮੁਕੱਦਮਾ ਗੈਰ-ਤਸਦੀਕਸ਼ੁਦਾ ਵਸੀਅਤ ਐੱਮ ਪੀ ਸਿੰਘ ਉਰਫ ਮਹਿੰਦਰ ਪਾਲ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਹਰਸੀਆਂ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਜ਼ੇਰ ਧਾਰਾ 40 (1) ਭਾਰਤੀ ਰਜਿਸਟਰੇਸ਼ਨ ਐਕਟ 1908 ਅਧੀਨ ਤਸਦੀਕ ਕਰਨ ਲਈ ਪੇਸ਼ ਹੋਈ ਹੈ। ਇਸ ਲਈ ਹਰ ਆਮ ਤੇ ਖਾਸ ਨੂੰ ਇਸ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵਿਅਕਤੀ ਜਾਂ ਗਿਰਤੇਦਾਰ ਨੂੰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ ਇਸ਼ਤਿਹਾਰ ਛਪਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਪੇਸ਼ ਕਰੇ। ਇਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਹਸਬ ਜ਼ਾਬਤਾ ਰਜਿਸਟਰਡ ਕਰ ਦਿੱਤੀ ਜਾਵੇਗੀ।

ਇਹ ਇਸ਼ਤਿਹਾਰ ਅੱਜ ਮਿਤੀ 21-03-2024 ਨੂੰ ਮੇਰੇ ਹਸਤਾਖਰ ਅਤੇ ਮੋਹਰ ਨਾਲ ਜਾਰੀ ਹੋਇਆ ਹੈ।

ਸਹੀ/- ਜਾਇੰਟ ਸਬ-ਰਜਿਸਟਰਾਰ, ਨੌਸ਼ਹਿਰਾ ਮੱਝਾ ਸਿੰਘ, ਜ਼ਿਲ੍ਹਾ ਗੁਰਦਾਸਪੁਰ।

ਨੰ. 736/ਆਰ ਸੀ, ਮਿਤੀ 21/3/24

COURTS NOTICE

(U/o 5 Rule 20 CPB)
In the Court of Sh
Dharminder Paul Singla
Additional District and Sessions
Judge-II, Jalandhar
MHA/07/2023
CNR No. PBJL01-013178-2023
Next Date :- 02-05-2024
1. Sanjeev Kumar S/o Brij Lal
2. Rimpi w/o Sanjeev Kumar, Both R/o H. No. BH-138 Beant Nagar Ladhewali, P.O. PAP Lines Jalandhar
Vs.
General Public
Petition Under Provisions of Mental Health Act 1996 for Appointment of Petitioner as Guardian of Her real Daughter as Prayed for
Publication Issued To:
General Public
:- General Public

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 02.05.2024 at 10:00 A.M.

For details logon to https://highcourtchd.gov.in/?trs=district_notice&district= Jalandhar

Additional District and Sessions
Judge-II, Jalandhar
Dated this day of 19.03.2024

ਆਮ ਸੂਚਨਾ

ਮੈਂ ਨਿਰਵੈਰ ਸਿੰਘ ਪੱਡਾ ਪੁੱਤਰ ਕਿਰਪਾਲ ਸਿੰਘ ਉਰਫ਼ ਕਿਰਪਾ ਸਿੰਘ ਪੁੱਤਰ ਕੇਹਰ ਸਿੰਘਵਾਸੀ ਪਿੰਡ ਜਹਾਂਗੀਰ ਪੁਰ ਖੀਰਾਂ ਵਾਲੀ ਡਾਕਖਾਨਾ ਖੀਰਾਂ ਵਾਲੀ ਤਹਿਸੀਲ ਜ਼ਿਲ੍ਹਾ ਕਪੂਰਥਲਾ ਦਾ ਰਹਿਣ ਵਾਲਾ ਹਾਂ। ਮੇਰਾ ਜਮਾਂਬੰਦੀ ਵਿੱਚ ਮਿਸਟੇਕ ਨਾਲ਼ ਰਕਬਾ ਪਿੰਡ ਜਹਾਂਗੀਰ ਪੁਰ ਖੀਰਾਂ ਵਾਲੀ ਵਿੱਚ ਮੇਰਾ ਨਾਮ ਨਿਰਵੈਲ ਸਿੰਘ ਲਿਖ ਦਿੱਤਾ ਹੈ। ਮੇਰੇ ਆਧਾਰ ਕਾਰਡ ਨੰ 7296 0612 5529 ਵਿੱਚ ਵੀ ਮੇਰਾ ਨਾਮ ਨਿਰਵੈਰ ਸਿੰਘ ਪੱਡਾ ਹੀ ਦਰਜ਼ ਹੈ।ਇਹ ਮੇਰਾ ਨਾਮ ਸਹੀ ਵਾ ਦਰਸ਼ਤ ਹੈ। (ਕਾਲੀਆਂ)

ਸਾਡੇ ਕੋਲ ਏ.ਪੀ. ਕੁਨੈਕਸ਼ਨ ਖਾਤਾ ਨੰ: 3004608404 ਜੋ ਬਲਕਾਰ ਸਿੰਘ ਪੁੱਤਰ ਲਾਭ ਸਿੰਘ ਵਾਸੀ ਤੇ ਰਕਬਾ ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ (ਜਲੰਧਰ) ਦੇ ਨਾਮ ਚੱਲ ਰਿਹਾ ਹੈ। ਹੁਣ ਇਸ ਏ.ਪੀ. ਕੁਨੈਕਸ਼ਨ ਨੂੰ ਇਕਬਾਲ ਸਿੰਘ ਪੁੱਤਰ ਲਾਭ ਸਿੰਘ ਵਾਸੀ ਤੇ ਰਕਬਾ ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ (ਜਲੰਧਰ) ਨੇ ਆਪਣੇ ਨਾਮ 'ਤੇ ਕਰਵਾਉਣ ਲਈ ਬਿਨੈ ਪੱਤਰ ਦਿੱਤਾ ਹੈ, ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਉੱਪ-ਮੰਡਲ ਅਫ਼ਸਰ ਲੋਹੀਆਂ ਖਾਸ (ਜਲੰਧਰ) ਨਾਲ ਸੰਪਰਕ ਕਰ ਸਕਦਾ ਹੈ।

ਹਰਭਜਨ ਕੌਰ ਪਤਨੀ ਸਵ: ਨੱਥਾ ਸਿੰਘ ਵਾਸੀ ਪੰਧੇਰ (ਗੁਰਦਾਸਪੁਰ) ਨੇ ਮਨਜੀਤ ਕੌਰ ਪਤਨੀ ਲਖਵਿੰਦਰ ਸਿੰਘ ਵਾਸੀ ਵਾਰਡ ਨੰਬਰ 4, ਜੀ. ਟੀ. ਰੋਡ ਨੇੜੇ ਵੇਰਕਾ ਮਿਲਕ ਪਲਾਂਟ ਗੁਰਦਾਸਪੁਰ ਪਾਸੋਂ ਬੱਬੇਹਾਲੀ 'ਚ ਟਿਊਬਵੈੱਲ ਕੁਨੈਕਸ਼ਨ ਨੰਬਰ ਏ ਪੀ 03/1761/ਐੱਚ ਪੀ 6 ਸਮੇਤ ਜ਼ਮੀਨ ਖਰੀਦ ਕਰਕੇ ਆਪਣੇ ਨਾਂਅ ਕਰਵਾਉਣ ਜਾ ਰਹੀ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਉਪ ਮੰਡਲ ਦਫਤਰ ਤਿੱਬੜ ਵਿਖੇ ਇਤਰਾਜ਼ ਪੇਸ਼ ਕਰ ਸਕਦਾ ਹੈ। (ਡੋਗਰਾ)

ਮੈਂ ਰਾਜਵਿੰਦਰ ਕੌਰ ਪਤਨੀ ਹਰਨੇਕ ਸਿੰਘ ਵਾਸੀ ਗਲੀ ਨੰਬਰ-7, ਭੱਲਾ ਕਾਲੋਨੀ ਨੇੜੇ ਪ੍ਰਕਰ ਸਕੂਲ ਛੇਹਰਟਾ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਉਕਤ ਜਗ੍ਹਾ ਦਾ ਪਹਿਲਾ ਮੁਖਤਾਰ/ਆਮ ਜੋ ਕਿ ਸ: ਬਲਜੀਤ ਸਿੰਘ ਪੁੱਤਰ ਸਵਿੰਦਰ ਸਿੰਘ ਵੱਲੋਂ ਰਾਖਧਾਰੀ ਪੁੱਤਰ ਰੰਦਕ ਰਾਮ ਅਤੇ ਦਵਿੰਦਰਪਾਲ ਪੁੱਤਰ ਲੱਭੂ ਰਾਮ ਮਿਤੀ 30/10/2007 ਵਸੀਕਾ ਨੰਬਰ 8067, ਬਹੀ ਨੰਬਰ-4, ਜਿਲਦ ਨੰਬਰ 1262, ਸਫਾ ਨੰਬਰ 12, ਵਾਕਿਆ ਰਕਬਾ ਕਾਲਾ ਘੰਨੂਪੁਰ ਸਬ-ਅਰਬਨ ਆਬਾਦੀ ਹਰਗੋਬਿੰਦ ਨਗਰ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਕਿਧਰੇ ਗੁੰਮ ਹੋ ਗਿਆ ਹੈ, ਮੈਂ ਭਾਲ ਕੀਤੀ, ਨਹੀਂ ਮਿਲਿਆ। ਜੇ ਕਿਸੇ ਨੂੰ ਮਿਲੇ ਤਾਂ ਉਪਰੋਕਤ ਪਤੇ 'ਤੇ ਸੰਪਰਕ ਕਰੇ, ਉਕਤ ਮੁਖਤਾਰ/ਆਮ ਨੂੰ ਜੇਕਰ ਕੋਈ ਕਿਸੇ ਵੀ ਮਕਸਦ ਲਈ ਵਰਤਦਾ ਹੈ ਤਾਂ ਉਸ ਨੂੰ ਗੈਰ-ਕਾਨੂੰਨੀ ਮੰਨਿਆ ਜਾਵੇ।

ਮੈਂ, ਵਿਨੈ ਕੁਮਾਰ (29) ਪੁੱਤਰ ਸ੍ਰੀ ਅਸ਼ਵਨੀ ਕੁਮਾਰ ਵਾਸੀ ਮਕਾਨ ਨੰ. 51, ਦੌਲਤਪੁਰੀ, ਨੇੜੇ ਰੇਲਵੇ ਸਟੇਸ਼ਨ, ਜਲੰਧਰ ਘੋਸ਼ਣਾ ਕਰਦਾ ਹਾਂ ਕਿ ਮੈਂ ਜਨਮ ਤੋਂ ਹਿੰਦੂ ਧਰਮ ਨਾਲ ਸੰਬੰਧ ਰੱਖਦਾ ਸੀ, ਹੁਣ ਮੈਂ ਇਸਲਾਮ ਧਰਮ ਕਬੂਲ ਲਿਆ ਹੈ। ਹੁਣ ਮੈਨੂੰ ਮੋਰੇ ਨਵੇਂ ਨਾਂਅ ਸੁਲਤਾਨ ਨਾਲ ਜਾਣਿਆ ਜਾਵੇ। ਮੈਂ ਇਸ ਧਰਮ ਨੂੰ ਆਪਣੀ ਇੱਛਾ ਅਤੇ ਸਹਿਮਤੀ ਨਾਲ ਕਬੂਲਿਆ ਹੈ। ਮੇਰੇ ਦੋਸਤਾਂ, ਪਰਵਾਰਿਕ ਮੈਂਬਰਾਂ ਨੂੰ ਮੇਰੇ ਧਰਮ ਤਬਦੀਲ ਕਰਨ 'ਚ ਕੋਈ ਇਤਰਾਜ਼ ਨਹੀਂ।

ਸ੍ਰੀ ਰਵੇਲ ਸਿੰਘ ਪੁੱਤਰ ਸ੍ਰੀ ਗਿਆਨ ਸਿੰਘ ਵਾਸੀ ਪਿੰਡ ਟਾਂਡੀ ਔਲਖ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਬੀ ਐੱਚ ਪੀ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 08/1117 (3004513885) ਪਿੰਡ ਕਰਨੈਲ ਗੰਜ ਵਿਚ ਚੱਲ ਰਿਹਾ ਹੈ, ਜੋ ਕਿ ਹੁਣ ਸ੍ਰੀ ਸੁਰਿੰਦਰ ਸਿੰਘ ਪੁੱਤਰ ਸ੍ਰੀ ਗਿਆਨ ਸਿੰਘ ਵਾਸੀ ਕਰਨੈਲ ਗੰਜ, ਜ਼ਿਲ੍ਹਾ ਕਪੂਰਥਲਾ ਆਪਣੇ ਨਾਂਅ 'ਤੇ ਤਬਦੀਲ ਕਰਵਾਉਣਾ ਚਾਹੁੰਦਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਅਫਸਰ ਪਾਵਰਕਾਮ ਭੁਲੱਥ ਨਾਲ ਸੰਪਰਕ ਕਰੇ। (9666)

ਬਲਦੇਵ ਸਿੰਘ ਪੁੱਤਰ ਸ਼ੇਰ ਸਿੰਘ ਦੇ ਨਾਮ ਪਿੰਡ ਕਿਸਨਪੁਰ ਵਿੱਚ ਚਲਦਾ ਟਿਊਬਵੈਲ ਕੁਨੈਕਸ਼ਨ AP19/936W ਹੁਣ ਅਰਵਿੰਦਰ ਕੌਰ ਪਤਨੀ ਗੁਰਦੀਪ ਸਿੰਘ ਪਿੰਡ ਕਿਸਨਪੁਰ ਆਪਣੇ ਨਾਮ ਬਦਲੀ ਕਰਵਾ ਰਹੀ ਹੈ । ਅਗਰ ਕਿਸੇ ਨੂੰ ਵੀ ਕੋਈ ਇਤਰਾਜ਼ ਹੈ ਤਾਂ ਉਹ ਸ/ਡ ਪੁਰਾਣਾ ਸ਼ਾਲਾ ਪੀ.ਐੱਸ.ਪੀ.ਸੀ.ਐੱਲ ਦਫਤਰ ਵਿੱਚ 30 ਦਿਨਾਂ ਦੇ ਅੰਦਰ -ਅੰਦਰ ਦਰਜ਼ ਕਰਵਾ ਸਕਦਾ ਹੈ ।

ਇਕ ਟਿਊਬਵੈਲ ਕੁਨੈਕਸ਼ਨ ਨੰਬਰ ਏ ਪੀ 22/990 ਜੋ ਸ਼ਮੀਰ ਸਿੰਘ ਪੁੱਤਰ ਵੀਰ ਸਿੰਘ ਵਾਸੀ ਸਰਾਏ ਦੀਵਾਨਾ ਜਿਲ੍ਹਾ ਤਰਨਤਾਰਨ ਦੇ ਨਾਮ ਹੈ। ਉਸ ਨੂੰ ਬਦਲ ਕੇ ਕਰਨਜੀਤ ਸਿੰਘ ਪੁੱਤਰ ਹਰਜੀਤ ਸਿੰਘ ਵਾਸੀ ਸਰਾਏ ਦੀਵਾਨਾ ਦੇ ਨਾਮ ਕੀਤਾ ਜਾ ਰਿਹਾ ਹੈ। ਕਿਸੇ ਨੂੰ ਇਤਰਾਜ਼ ਹੋਵੇ ਤਾਂ 10 ਦਿਨਾਂ ਅੰਦਰ ਐਸ ਡੀ ਓ ਪਾਵਰਕਾਮ ਮਾਣੋਚਾਹਲ ਨਾਲ ਸੰਪਰਕ ਕਰੇ। (ਮੱਖਣ)

ਮੈਂ, ਰਤਨ ਲਾਲ ਪੁੱਤਰ ਸ੍ਰੀ ਹੰਸ ਰਾਜ ਵਾਸੀ ਮਕਾਨ ਨੰਬਰ ਡੀ 2/886, ਗਲੀ ਸੁਨਿਆਰਿਆਂ ਵਾਲੀ, ਛੋਟਾ ਹਰੀਪੁਰਾ, ਡਾਕਖਾਨਾ ਜਵਾਲਾ ਫਲੋਰ ਮਿੱਲਜ਼, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਚਮਨ ਲਾਲ ਉਰਫ ਬੰਟੀ ਮੇਰੇ ਕਹਿਣੇ ਤੋਂ ਬਾਹਰ ਸੀ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕੀਤਾ ਸੀ। ਹੁਣ ਉਹ ਮੇਰੇ ਕਹਿਣੇਕਾਰ ਹੈ। ਮੈਂ ਉਸ ਦੀ ਬੇਦਖਲੀ ਰੱਦ ਕਰਦਾ ਹਾਂ। ਉਹ ਮੇਰੀ ਚੱਲ-ਅਚੱਲ ਜਾਇਦਾਦ ਦਾ ਹੱਕਦਾਰ ਹੈ।

ਮੈਂ ਹਰਮੇਸ਼ ਕੁਮਾਰ ਮਰਵਾਹਾ ਪੁੱਤਰ ਸਦਾਨੰਦ ਮਰਵਾਹਾ ਨਿਵਾਸੀ 36, Old ਜਵਾਹਰ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਹਰਮੇਸ਼ ਕੁਮਾਰ ਅਤੇ ਹਰਮੇਸ਼ ਮਰਵਾਹਾ ਦੇ ਨਾਂ ਤੋਂ ਵੀ ਜਾਣਿਆ ਜਾਂਦਾ ਹਾਂ । ਹਰਮੇਸ਼ ਕੁਮਾਰ ਮਰਵਾਹਾ, ਹਰਮੇਸ਼ ਕੁਮਾਰ ਅਤੇ ਹਰਮੇਸ਼ ਮਰਵਾਹਾ ਸਾਰੇ ਇੱਕੋ ਹੀ ਆਦਮੀ ਦੇ ਨਾਮ ਹਨ । ਸਬੰਧਤ ਨੋਟ ਕਰੋ।

ਕਲਾਸੀਫਾਈਡ ਇਸ਼ਤਿਹਾਰ

Change of Name

I, Manish S/o Pritpal Singh R/o Village Jalwhera PO Todarpur Urf Theh Pachrali Tehsil Garhshankar Distt. Hoshiarpur Punjab have changed my name from Manish to Manish Mahey. Concerned note. (Hitesh)

I, Gurjit Kaur W/o Gurpreet Singh R/o Vill Moga P.O. Bhogpur, Distt: Jalandhar, (Pb.) have Changed my name Gurjit Kaur to Gurjeet Kaur.

I Harwinder Pal S/O Sucha Ram Village Atta P.O Goraya Teh: Phillaur District Jalandhar. I Have Changed My Name Harwinder Pal to Harwinder Singh. to make related notes.

I,Shinderpal Singh S/O Parshotam Singh R/O Village Kot dosandhi Mal,PO Pandori,Takhat Mal,Tarn Taran, Punjab have changed my name from Shinderpal Singh to Shinderpal as my Given name and Singh as my Surname.Concerned note.

I,Neha Khosla W/O Rahul Khanna R/O 616-A ,Gali No.10,D.R. Enclave, Meera Kot, Amritsar, Punjab have changed my name from Neha Khosla to Neha Khanna.Concerned note.

I,Amrit Kaur D/O Jasbir Singh R/O Village Kohala (khuzala) PO Tarsika,Tehsil Baba Bakala,Distt.Amritsar, Punjab have changed my name from Amrit Kaur to Parneet Kaur Aulakh.Concerned note.

I,Mehakpreet Singh S/O Gurinder Singh Arora R/O H.No.2,Old Jail Road,Near Kapoor Spinning Mills,Ranjit Avenue,Amritsar,Punjab have changed my name from Mehakpreet Singh to Mehakpreet Singh Arora. Concerned note.

I,Sharn Jeet Singh S/O Kirpal Singh R/O Post Office Fatehpur,Rajputan,Block Jandiala Guru,Nawan Pind, Amritsar,Punjab have changed my name from Mehakpreet Singh to Mehakpreet Singh Arora.Concerned note.

I,Bhajan Kumari alias Bhajani W/O Ravinder Kumar R/O 4854,Gali No.4,Dam Ganj Amritsar,Punjab have changed my name from Bhajan Kumari alias Bhajani to Bhajni.Concerned note.

I, Hardev Singh S/o Pritam Singh Resident of Village Rosse, PO Pakiwan, Tehsil Kalanaur District Gurdaspur declare that in my passport T0423860 my given name as Hardev Singh, But now I have changed my given name Hardev and surname as Singh.

I Kuldeep Singh S/o Darshan Singh, R/o Vill. Ghuduwal, Teh. Shahkot (Jalandhar) Punjab Have Changed My Name Kuldeep Singh to Kuldip Singh,Concerned May Note.

I, Ashwani Kumar S/o Ajit Kumar R/o B21/62 Bhatia Gali Arafwala Mohalla, Kapurthala have changed my name from Aashwani Kumar to Ashwani Singh Sodhi.

I, Ritesh Kumar Sharma S/o Sh. Raj Kumar R/o H. No. 141, Sandhu Avenue Near Radha Swami Satsang Dera, Ram Tirath Road, Amritsar have changed my name from Ritesh Kumar Sharma to Ritesh Kumar. All Concerned to note.

I, Vibha Tuli W/o Karan Tuli R/o H. No. 77 New Kailash Nagar Jalandhar have changed my name from Vibha Sharma to Vibha Tuli after marriage. Please note. (9664)

I, Amarjit Singh S/o Lakhwinder Singh R/o House No. 1280, Gali No. 1, Mohkampura, Amritsar that i am know by both these names i.e. Amarjit and Amarjit Singh.I have changed my name Amarjit to Amarjit Singh.

I, Sikander Singh Bhagtana S/o S. Gurdial Singh R/o H. No.# 1133 Sec-20, Chandigarh have changed my name from Sikander Singh Bhagtana to Sikander Singh.

I, Surt Singh s/o Durga Singh r/o Vill Churh Chakk PO Naushehra Majja Singh Distt Gurdaspur have changed my name from Surt Singh to Surata Singh . Concerned note.

I Kamal Kishore Pareek And Kamal Kishor Pareek S/O Paras Ram Pareek Resident Of 1733/29, Bhushanpura, I/S Sultanwind Gate, Amritsar Have Certified That Above Both Name's Are Mine One And Same Person.

I, Manjit Singh.s/O Jagat Singh.r/O Hno.12 Tailor Road Friends Colony Amritsar.have Changed My Name Manjeet Khurana To Manjit Singh.

I, Daler Singh S/O Jaswant Singh R/O Village Boparai Baj Singh, Po. Khasa, Tehsil Ajnala, Amritsar Have Declare That Singh Is My Surname And Daler Is My Given Name. All Concerned Please Note.

I, Sukhvinder Jit Singh Sansoa S/O Piara Singh R/O H.no.62, Backside Gurdwara, New Ranjitpura, Chheharta, Amritsar Have Changed My Name From Sukhwinder Jit Singh Sansoa To Sukhwinderjit Singh

I, Raj Kumar S/O Som Nath Mahajan R/O 71 Krishna Square-i Amritsar Have Changed My Name From Raj Kumar To Raj Kumar Mahajan

I, Haramar Iqubal Singh S/O Rashpal Singh R/O Rasulpur, Gurdaspur Have Changed My Name From Haramar Iqubal Singh To Haramariqbal Singh

I, Karm Singh S/O Wasan Singh R/O Vill.ranewali P.o. Sainsera Kalan Teh. Ajnala Distt. Amritsar Rural Have Changed My Name From Karm Singh To Karam Singh

I, Reenu Bawa W/O Surinder Kumar Bawa R/O 1903/2, Jagdish Mandir, Bhushanpura, Amritsar Have Changed My Name From Reenu Bawa To Reena Bawa

I, Surinder Bawa S/O Sohan Lal R/O 1903/2, Jagdish Mandir, Bhushanpura, Amritsar Have Changed My Name From Surinder Bawa To Surinder Kumar Bawa

I, Davinder Pal Kumar S/O Bhagat Ram R/O Vpo Uggar Aulakh, Tehsil Ajnala, District Amritsar Punjab , Have Changed My Name From Surname Is Kumar And Given Name Is Davinder Pal To Given Name As Davinder Pal Kumar.

I, Piyare Lal S/O Jawala Ram, Resident Of Randhawa Masandan District Jalandhar Have Changed My Name Spelling From Piyare Lal To Pyare Lal. All Concerned Note.

Change of Name

I, Gurpal Singh Khokhar S/o Raminder Singh R/o Thathi Bhai, Moga, Punjab- 142049, have changed my name and shall hereafter be Known as Gurpal Singh.

I, Navdeep Singh Khokhar S/o Gurp

22-MAR-PAGE-7.qxd 3/21/2024 10:48 PM Page 1

ਡਾਕਟਰ ਦਾ ਸਾਬਕਾ ਮੁਲਾਜ਼ਮ ਹੀ ਨਿਕਲਿਆ ਬੱਚੇ ਦਾ ਅਗਵਾਕਾਰ

■ ਅਗਵਾ ਤੋਂ ਬਾਅਦ ਮੰਗੀ ਸੀ 50 ਲੱਖ ਦੀ ਫਿਰੌਤੀ

ਭਗਤਾ ਭਾਈ ਕਾ (ਰਾਜੀਵ ਗੋਇਲ)

ਬੀਤੇ ਐਤਵਾਰ ਨੂੰ ਨੇੜਲੇ ਪਿੰਡ ਫੂਲ ਤੋਂ ਇੱਕ ਹੱਡੀਆਂ ਵਾਲੇ ਡਾਕਟਰ ਦਾ ਕਰੀਬ 9 ਸਾਲ ਦਾ ਬੱਚਾ ਕਿਸੇ ਨਾਮਾਲੂਮ ਵਿਅਕਤੀ ਵੱਲੋਂ ਅਗਵਾ ਕਰ ਲਿਆ ਗਿਆ। ਬੱਚੇ ਦੇ ਅਗਵਾ ਹੋਣ ਤੋਂ ਬਾਅਦ ਪਰਵਾਰ ਵੱਲੋਂ ਜਿੱਥੇ ਪੁਲਸ ਤੱਕ ਪਹੁੰਚ ਕੀਤੀ ਗਈ, ਉੱਥੇ ਹੀ ਸੋਸ਼ਲ ਮੀਡੀਆ ਸਮੇਤ ਵੱਖ-ਵੱਖ ਸਾਧਨਾਂ ਰਾਹੀਂ ਬੱਚੇ ਦੀ ਭਾਲ ਸ਼ੁਰੂ ਕਰ ਦਿੱਤੀ ਗਈ।

ਜਾਣਕਾਰੀ ਅਨੁਸਾਰ ਨੇੜਲੇ ਪਿੰਡ ਫੂਲ ਵਿਖੇ ਦਾਰਾ ਖਾਂ ਨਾਮ ਦਾ ਵਿਅਕਤੀ ਹੱਡੀਆਂ ਦਾ ਕਲੀਨਿਕ ਚਲਾ ਰਿਹਾ ਹੈ। ਉਕਤ ਡਾਕਟਰ ਦਾ ਕਰੀਬ 09-10 ਸਾਲ ਦਾ ਪੁੱਤਰ ਗਲੀ ਵਿੱਚ ਖੇਡ ਰਿਹਾ ਸੀ ਤੇ ਇੰਨੇ ਨੂੰ ਉਕਤ ਡਾਕਟਰ ਦਾ ਹੀ ਇੱਕ ਸਾਬਕਾ ਮੁਲਾਜ਼ਮ, ਜੋ ਅਹਿਮਦਗੜ੍ਹ ਮੰਡੀ ਨਾਲ ਸੰਬੰਧਤ ਸੀ, ਜਿਹੜਾ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਬੱਚੇ ਪਾਸ ਪਹੁੰਚਿਆ ਤੇ ਬੱਚੇ ਨੂੰ ਇਹ ਕਹਿ ਕੇ ਨਾਲ ਲੈ ਗਿਆ ਕਿ ਤੇਰੇ ਪਾਪਾ ਨੇ ਤੈਨੂੰ ਆਈਫੋਨ ਦਿਵਾਉਣ ਲਈ ਮੈਨੂੰ ਭੇਜਿਆ ਹੈ। ਇਹ ਕਹਿ ਕੇ ਅਗਵਾਕਾਰ ਬੱਚੇ ਨੂੰ ਆਪਣੇ ਨਾਲ ਲੁਧਿਆਣਾ ਸਾਈਡ ਲੈ ਗਿਆ। ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵਿੱਚ ਬੱਚਾ ਬੇਫਿਕਰਾ ਹੋ ਕੇ ਬੈਠਾ ਦਿਖਾਈ ਦੇ ਰਿਹਾ ਸੀ, ਜੋ ਸਿਰਫ ਆਈਫੋਨ ਦੇ ਲਾਲਚ ਦਾ ਹੀ ਨਤੀਜਾ ਸੀ। ਇੱਕ ਰਾਤ ਬੱਚੇ ਨੂੰ ਆਪਣੇ ਕੋਲ ਰੱਖਣ ਉਪਰੰਤ ਅਗਵਾਕਾਰ ਨੇ ਬੱਚੇ ਦੇ ਮਾਪਿਆਂ ਪਾਸ 50 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਰੱਖ ਦਿੱਤੀ, ਜਿਸ ਤੋਂ ਬਾਅਦ ਮਾਪੇ ਹੋਰ ਵੀ ਚਿੰਤਤ ਹੋ ਗਏ, ਪਰ ਪੁਲਸ ਦੀਆਂ ਟੀਮਾਂ ਅਗਵਾਕਾਰ ਦੀ ਪੈੜ ਨੱਪ ਰਹੀਆਂ ਸਨ ਅਤੇ ਇਨ੍ਹਾਂ ਫੋਨ ਕਾਲਾਂ ਨੇ ਹੀ ਮੁਲਜ਼ਮ ਨੂੰ ਸਲਾਖਾਂ ਪਿੱਛੇ ਜਾ ਧੱਕਿਆ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਅਗਵਾਕਾਰ ਕੈਨੇਡਾ ਜਾਣਾ ਚਾਹੁੰਦਾ ਸੀ, ਜਿਸ ਕਾਰਨ ਉਸ ਨੇ ਇਹ ਅਪਰਾਧ ਦਾ ਰਸਤਾ ਚੁਣਿਆ। ਇੱਕ ਪਾਸੇ ਅਗਵਾਕਾਰ ਵੱਲੋਂ ਫਿਰੌਤੀ ਦੀਆਂ ਕਾਲਾਂ ਕੀਤੀਆਂ ਜਾ ਰਹੀਆਂ ਸਨ ਤੇ ਦੂਜੇ ਪਾਸੇ ਮੁਲਜ਼ਮ ਬੱਚੇ ਦੇ ਕਤਲ ਦੀ ਕੋਸ਼ਿਸ਼ ਕਰ ਰਿਹਾ ਸੀ। ਇਹ ਫਿਰੌਤੀ ਦਾ ਮਕਸਦ ਪੂਰਾ ਕਰਨ ਤੇ ਮਾਪਿਆਂ ਨੂੰ ਬੱਚੇ ਦੇ ਅਗਵਾ ਹੋਣ ਦਾ ਵਿਸ਼ਵਾਸ ਦਿਵਾਉਣ ਲਈ ਅਗਵਾਕਾਰ ਨੇ ਬੱਚੇ ਦੀਆਂ ਵੀਡੀਓਜ਼ ਵੀ ਬਣਾਈਆਂ। ਅਗਵਾਕਾਰ ਵੱਲੋਂ ਬੱਚੇ ਦਾ ਕਤਲ ਕਰਨ ਲਈ ਉਸ ਦਾ ਗਲਾ ਘੁੱਟਿਆ ਗਿਆ, ਪਰ ਇੰਨੇ ਨੂੰ ਉੱਥੇ ਇੱਕ ਜੰਗਲੀ ਰੋਜ਼ ਆ ਗਈ, ਜਿਸ ਦੀ ਅਵਾਜ਼ ਸੁਣ ਕੇ ਅਗਵਾਕਾਰ ਉੱਥੋਂ ਦੌੜਨ ਲੱਗਾ ਤੇ ਇੰਨੇ ਨੂੰ ਬਠਿੰਡਾ ਪੁਲਸ ਦੀਆਂ ਟੀਮਾਂ ਨੇ ਅਗਵਾਕਾਰ ਨੂੰ ਦਬੋਚ ਲਿਆ ਤੇ ਅਗਵਾਕਾਰ ਝੋਲਾਛਾਪ ਡਾਕਟਰ ਦੇ ਮੁਆਇਨੇ ਉਪਰੰਤ ਮੁਲਜ਼ਮ ਦੀ ਨਿਸ਼ਾਨਦੇਹੀ 'ਤੇ ਬੱਚੇ ਨੂੰ ਬਰਾਮਦ ਕਰ ਲਿਆ।

ਪੁਲਸ ਵੱਲੋਂ ਵਾਰਦਾਤ ਲਈ ਵਰਤਿਆ ਮੋਟਰਸਾਈਕਲ ਤੇ ਫਿਰੌਤੀ ਮੰਗਣ ਲਈ ਵਰਤੇ ਗਏ ਦੋ ਮੋਬਾਇਲ ਫੋਨ ਵੀ ਬਰਾਮਦ ਕਰ ਲਏ ਗਏ। ਦੱਸਣਾ ਬਣਦਾ ਹੈ ਕਿ ਅਗਵਾਕਾਰ ਲੁਧਿਆਣਾ ਦੇ ਸ਼ਿਮਲਾਪੁਰੀ ਇਲਾਕੇ ਵਿੱਚ ਹੱਡੀਆਂ ਦਾ ਕਲੀਨਿਕ ਚਲਾਉਂਦਾ ਹੈ ਅਤੇ ਜਿਸ ਨੂੰ ਕੈਨੇਡਾ ਦੇ ਸਪੁਨੇ ਨੇ ਇੱਥੋਂ ਤੱਕ ਪਹੁੰਚਾ ਦਿੱਤਾ। ਉਧਰ ਦੂਜੇ ਪਾਸੇ ਬਠਿੰਡਾ ਪੁਲਸ ਵੱਲੋਂ ਅਗਵਾਕਾਰ ਮੁਹੰਮਦ ਆਰਿਫ ਪੁੱਤਰ ਨਸੀਮ ਅਹਿਮਦ ਵਾਸੀ ਅਹਿਮਦਗੜ੍ਹ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ, ਜਿਸ ਪਾਸੋਂ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਖ਼ੂਨਦਾਨ ਕੈਂਪ ਭਲਕੇ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਸ਼ਹੀਦੇ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸਹਾਰਾ ਸਮਾਜ ਸੇਵਾ (ਰਜਿ:) ਵੱਲੋਂ ਖ਼ੂਨਦਾਨ ਕੈਂਪ ਲਾਇਆ ਜਾ ਰਿਹਾ ਹੈ। ਇਸ ਮੌਕੇ ਨਵੀਂ ਐਂਬੂਲੈਂਸ ਦਾ ਉਦਘਾਟਨ ਕੀਤਾ ਜਾਵੇਗਾ।ਸਹਾਰਾ ਸਮਾਜ ਸੇਵਾ ਦੇ ਪ੍ਰਧਾਨ ਸੰਦੀਪ ਵਰਮਾ ਨੇ ਦੱਸਿਆ ਕਿ ਇਸ ਸਮਾਰੋਹ ਦੇ ਮੁੱਖ ਮਹਿਮਾਨ ਮਾਂ ਗਗਨਜੀਤ ਕੌਰ (ਦਿੱਲੀ ਵਾਲੇ), ਐਂਬੂਲੈਂਸ ਨੂੰ ਝੰਡੀ ਦੀ ਰਸਮ ਜਸਕਰਨ ਬਾਂਸਲ (ਜੱਸੀ ਬਾਬਾ), ਰਿਬਨ ਕੱਟਣ ਦੀ ਰਸਮ ਪ੍ਰਿਤਪਾਲ ਸਿੰਘ ਡੀ ਐਸ ਪੀ ਫੂਲ ਤੇ ਪ੍ਰੋਗਰਾਮ ਦੀ ਪ੍ਰਧਾਨਗੀ ਮਹੰਤ ਗਰੀਬ ਦਾਸ ਆਪਣਾ ਘਰ ਬਿਰਧ ਆਸ਼ਰਮ ਕੋਟਕਪੂਰਾ ਵਾਲੇ ਕਰਨਗੇ।

ਸ਼ਹੀਦ ਭਗਤ ਸਿੰਘ ਮੇਨ ਚੌਕ ਵਿਖੇ ਇਹ ਪ੍ਰੋਗਰਾਮ 23 ਮਾਰਚ ਨੂੰ ਸਵੇਰੇ 10 ਵਜੇ ਸ਼ੁਰੂ ਹੋਵੇਗਾ। ਨਿਊ ਪੀ ਜੀ ਆਰ ਗਰੁੱਪ, ਗਿਆਨ ਸਾਗਰ ਪੀਰ ਮੰਦਰ ਚੈਰੀਟੇਬਲ ਟਰੱਸਟ (ਭੋਲਾ ਬਾਬਾ ਜੀ), ਸ਼ਸ਼ੀ ਸਿੰਗਲਾ ਸਿੰਗਲਾ ਰਾਇਸ ਮਿਲਜ, ਦਲੀਪ ਕੌਰ ਪਤਨੀ ਸਵ: ਪ੍ਰੀਤਮ ਸਿੰਘ ਗਿੱਲ ਕਲਾਂ, ਸਮੂਹ ਸ਼ਹਿਰ ਰਾਮਪੁਰਾ ਫੂਲ ਤੇ ਧਾਰਮਿਕ, ਰਾਜਨੀਤਕ, ਸਮਾਜ ਸੇਵੀ ਸੰਸਥਾਵਾਂ, ਹਲਕਾ ਮੌੜ ਮੰਡੀ, ਹਲਕਾ ਰਾਮਪੁਰਾ ਫੂਲ ਦੇ ਨੇੜਲੇ ਪਿੰਡਾਂ ਦੀਆਂ ਪੰਚਾਇਤਾਂ, ਨਗਰ ਨਿਵਾਸੀ, ਪੱਤਰਕਾਰ ਭਾਈਚਾਰਾ ਤੇ ਸਮੂਹ ਪੁਲਸ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਸਹਿਯੋਗ ਪਾਇਆ ਜਾ ਰਿਹਾ ਹੈ।

ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਮੀਡੀਆ ਕਮਿਸ਼ਨ ਬਣਾਉਣ ਦੀ ਮੰਗ

■ ਸਾਰੀਆਂ ਰਾਜਸੀ ਪਾਰਟੀਆਂ ਨੂੰ ਦਿੱਤੇ ਜਾਣਗੇ ਮੈਮੋਰੰਡਮ

ਲਹਿਰਾ ਮੁਹੱਬਤ (ਪੱਤਰ ਪ੍ਰੇਰਕ)

ਪੱਤਰਕਾਰਾਂ ਦੇ ਹਿੱਤਾਂ ਲਈ ਕੰਮ ਕਰਦੀ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਵੱਲੋਂ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਸੂਬੇ ਭਰ ਵਿੱਚ ਕੰਮ ਕਰਦੇ ਪੱਤਰਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਮੀਡੀਆ ਕਮਿਸ਼ਨ ਬਣਾਇਆ ਜਾਵੇ। ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਪਰਵਿੰਦਰ ਸਿੰਘ ਜੌੜਾ ਦੀ ਅਗਵਾਈ ਹੇਠ ਹੋਈ ਜ਼ਿਲ੍ਹਾ ਬਠਿੰਡਾ ਇਕਾਈ ਦੀ ਮੀਟਿੰਗ ਵਿੱਚ ਹੋਈਆਂ ਵਿਚਾਰਾਂ ਉਪਰੰਤ ਇਹ ਐਲਾਨ ਕੀਤਾ ਗਿਆ ਕਿ ਆਉਂਦੇ ਦਿਨਾਂ ਵਿੱਚ ਸਮੁੱਚੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਮੈਮੋਰੰਡਮ ਦਿੱਤੇ ਜਾਣਗੇ ਤੇ ਮੰਗ ਕੀਤੀ ਜਾਵੇਗੀ ਕਿ ਉਹ ਆਪਣੀ-ਆਪਣੀ ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ ਮੀਡੀਆ ਕਮਿਸ਼ਨ ਬਣਾਉਣ ਦੀ ਮੱਦ ਸ਼ਾਮਲ ਕਰਨ। ਇਸ ਮੌਕੇ ਮਹਿਸੂਸ ਕੀਤਾ ਗਿਆ ਕਿ ਭਾਵੇਂ ਮੀਡੀਆ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ ਤੇ ਪੱਤਰਕਾਰਾਂ ਵੱਲੋਂ ਸਮਾਜ ਦੇ ਦੱਬੇ-ਕੁਚਲੇ ਵਰਗਾਂ ਲਈ ਆਪਣੀ ਜਾਨ ਜੋਖਮ ਵਿੱਚ ਪਾ ਕੇ ਧਰਾਤਲੀ ਪੱਧਰ 'ਤੇ ਕੰਮ ਕੀਤਾ ਜਾਂਦਾ ਹੈ, ਪ੍ਰੰਤੂ ਪੱਤਰਕਾਰਾਂ ਦੀ ਜਾਨ-ਮਾਲ ਦੀ ਰਾਖੀ ਲਈ ਕੋਈ ਕਾਨੂੰਨ ਨਹੀਂ ਹੈ। ਇੱਥੋਂ ਤੱਕ ਕਿ ਮੀਡੀਆ ਪ੍ਰਚਾਰ ਰਾਹੀਂ ਸੱਤਾ 'ਤੇ ਕਾਬਜ਼ ਹੁੰਦੀਆਂ ਜਾਂ ਵਿਰੋਧੀ ਧਿਰ ਵਿੱਚ ਬੈਠਦੀਆਂ ਸਿਆਸੀ ਪਾਰਟੀਆਂ ਵੀ ਵਕਤ ਪੈਣ 'ਤੇ ਪੱਤਰਕਾਰਾਂ ਨਾਲ ਨਹੀਂ ਖੜਦੀਆਂ। ਇਹ ਫੈਸਲਾ ਵੀ ਕੀਤਾ ਗਿਆ ਕਿ ਯੂਨੀਅਨ ਦੀਆਂ ਇਕਾਈਆਂ ਦਾ ਵਿਸਥਾਰ ਕਰਕੇ ਆਉਂਦੇ ਦਿਨਾਂ ਵਿੱਚ ਬਠਿੰਡਾ ਵਿਖੇ ਜ਼ਿਲ੍ਹਾ ਪੱਧਰੀ ਸੈਮੀਨਾਰ ਕਰਵਾਇਆ ਜਾਵੇਗਾ, ਜਿਸ ਵਿੱਚ ਸੂਬਾਈ ਤੇ ਕੌਮੀ ਪੱਧਰ ਦੇ ਮੀਡੀਆ ਆਗੂ ਸ਼ਾਮਲ ਹੋ ਕੇ ਆਪਣੇ ਵਿਚਾਰ ਰੱਖਣਗੇ। ਮੀਟਿੰਗ ਵਿੱਚ ਪੱਤਰਕਾਰ ਸਾਥੀ ਸੁਖਨੈਬ ਸਿੱਧੂ, ਵੀਰਪਾਲ ਭਗਤਾ, ਹਰਬੰਸ ਸਿੰਘ ਭੋਲਾ, ਭੀਮ ਸੈਨ ਹਦਵਾਰੀਆ, ਸੁਖਪਾਲ ਸੋਨੀ, ਮਨਿੰਦਰ ਸਿੰਘ ਸਿੱਧੂ, ਪ੍ਰਵੀਨ ਕੁਮਾਰ, ਰਾਜਵਿੰਦਰ ਸਿੰਘ ਰੰਗੀਲਾ, ਰਾਮ ਸਿੰਘ ਕਲਿਆਣ, ਚਰਨਜੀਤ ਸਿੰਘ ਤੇ ਰਜਿੰਦਰ ਪਾਲ ਸਿੰਘ ਹਾਜ਼ਰ ਸਨ।

ਕਾਤਰਾਂ

ਦੇਸ਼ ਭਗਤ ਕਾਲਜ ਦਾ ਨਤੀਜਾ ਸ਼ਾਨਦਾਰ

ਮੋਗਾ (ਇਕਬਾਲ ਸਿੰਘ ਖਹਿਰਾ)-ਦੇਸ਼ ਭਗਤ ਕਾਲਜ ਮੋਗਾ ਵਿਖੇ ਚੱਲ ਰਹੇ ਐੱਮ.ਐੱਸ.ਸੀ. ਫੈਸ਼ਨਟੈਕਨੋਲਜੀ ਦੇ ਤੀਸਰੇ ਸਮੈਸਟਰ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚ ਨਿਰਮਲ ਕੌਰ ਨੇ 8.33 ਐੱਸ.ਜੀ.ਪੀ.ਏ. ਪ੍ਰਾਪਤ ਕਰਕੇ ਪਹਿਲਾ, ਹਰਮਨਪ੍ਰੀਤ ਕੌਰ ਨੇ 7.67 ਐੱਸ.ਜੀ.ਪੀ.ਏ. ਪ੍ਰਾਪਤ ਕਰਕੇ ਦੂਸਰਾ, ਜਸਪਾਲ ਕੌਰ ਨੇ 7.44 ਐੱਸ.ਜੀ.ਪੀ.ਏ. ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਕਾਲਜ ਦੇ ਪ੍ਰਧਾਨ ਸ੍ਰੀ ਅਸ਼ੋਕ ਗੁਪਤਾ, ਚੇਅਰਮੈਨ ਡਾ. ਜੋਰਾ ਸਿੰਘ, ਡਾਇਰੈਕਟਰ ਅਨੁਜ ਗੁਪਤਾ, ਡਾਇਰੈਕਟਰ ਸ੍ਰ. ਦਵਿੰਦਰ ਪਾਲ ਸਿੰਘ, ਡਾਇਰੈਕਟਰ ਮਿ: ਗੌਰਵ ਗੁਪਤਾ ਤੇ ਪ੍ਰਿੰਸੀਪਲ ਡਾ. ਸਵਰਨਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਵਧੀਆ ਨਤੀਜਿਆਂ ਲਈ ਵਧਾਈ ਦਿੱਤੀ।

ਬਜ਼ੁਰਗ ਤੋਂ ਦਿਨ-ਦਿਹਾੜੇ 70 ਹਜ਼ਾਰ ਰੁਪਏ ਲੁੱਟੇ

ਬਰੇਟਾ (ਰੀਤਵਾਲ)-ਨਜ਼ਦੀਕੀ ਪਿੰਡ ਬਖਸ਼ੀਵਾਲਾ ਦੇ ਇੱਕ ਬਜ਼ੁਰਗ ਤੋਂ ਹਜ਼ਾਰਾਂ ਰੁਪਏ ਦੀ ਲੁੱਟ ਕਰਨ ਦਾ ਸਮਾਚਾਰ ਹੈ। ਇਸ ਸਬੰਧੀ ਪੀੜਤ ਵਿਅਕਤੀ ਨਛੱਤਰ ਸਿੰਘ ਨੇ ਦੱਸਿਆ ਕਿ ਮੈਂ ਆਪਣੇ ਪਿੰਡ ਬਖਸ਼ੀਵਾਲਾ ਤੋਂ ਨਹਿਰੋ ਨਹਿਰ ਮੱਝ ਖ਼ਰੀਦਣ ਲਈ ਕੁਲਰੀਆਂ ਪਿੰਡ ਵਾਲੀ ਸਾਇਡ ਆ ਰਿਹਾ ਸੀ। ਅਚਾਨਕ ਬਰੇਟਾ ਨਹਿਰ ਦੇ ਪੁੱਲ ਦੇ ਨਜ਼ਦੀਕ ਇੱਕ ਨੌਜਵਾਨ ਤੇ ਇੱਕ ਔਰਤ ਮੋਟਰਸਾਈਕਲ 'ਤੇ ਆਏ, ਜੋ ਮੈਨੂੰ ਧੱਕਾ ਦੇ ਕੇ ਮੇਰੇ ਤੋਂ 70 ਹਜ਼ਾਰ ਰੁਪਏ ਲੁੱਟ ਕੇ ਫਰਾਰ ਹੋ ਗਏ। ਬਜ਼ੁਰਗ ਨੇ ਕਿਹਾ ਕਿ ਇਨ੍ਹਾਂ ਪੈਸਿਆਂ ਦੀ ਮੈਂ ਮੱਝ ਵੇਚੀ ਸੀ ਤੇ ਹੁਣ ਹੋਰ ਮੱਝ ਖ਼ਰੀਦਣ ਲਈ ਕੁਲਰੀਆਂ ਪਿੰਡ ਜਾ ਰਿਹਾ ਸੀ। ਇਸ ਸਬੰਧੀ ਜਾਂਚ ਅਧਿਕਾਰੀ ਪਾਲ ਸਿੰਘ ਨਾਲ ਰਾਬਤਾ ਕਾਇਮ ਕਰਨ 'ਤੇ ਉਨ੍ਹਾ ਕਿਹਾ ਪੁਲਸ ਇਸ ਮਾਮਲੇ ਦੀ ਜਾਂਚ ਪੜਤਾਲ ਕਰ ਰਹੀ ਹੈ। ਜਲਦ ਹੀ ਲੁਟੇਰਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

ਗਿਆਨ ਸਾਗਰ ਕਾਨਵੈਂਟ ਸਕੂਲ 'ਚ ਦਾਖਲਿਆਂ ਲਈ ਉਤਸ਼ਾਹ ਵਧਿਆ

ਬਰੇਟਾ (ਰੀਤਵਾਲ)-ਗਿਆਨ ਸਾਗਰ ਕਾਨਵੈਂਟ ਸਕੂਲ ਕਾਹਨਗੜ੍ਹ ਵਿਖੇ ਨਵੇਂ ਦਾਖਲਿਆਂ ਲਈ ਵਿਦਿਆਰਥੀਆਂ ਤੇ ਮਾਪਿਆਂ ਵਿੱਚ ਉਤਸ਼ਾਹ ਪਾਇਆ ਜਾ ਰਿਹਾ ਹੈ। ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਿਆਨ ਸਾਗਰ ਕਾਨਵੈਂਟ ਸਕੂਲ ਪੇਂਡੂ ਖੇਤਰ ਵਿੱਚ ਬੱਚਿਆਂ ਨੂੰ ਵਾਜਿਬ ਫੀਸਾਂ ਤੇ ਸਾਰੀਆਂ ਅਤਿ-ਆਧੁਨਿਕ ਸਹੂਲਤਾ ਮੁਹੱਈਆ ਕਰਵਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਕੂਲ ਦਾ ਸਟਾਫ ਉੱਚ ਯੋਗਤਾ ਤੇ ਸਮਰਪਤ ਭਾਵਨਾਵਾਂ ਵਾਲਾ ਹੈ, ਜਿਸ ਕਰਕੇ ਸਕੂਲ ਦਾ ਰਿਜ਼ਲਟ ਹਰ ਸਾਲ 100 ਫੀਸਦੀ ਰਹਿੰਦਾ ਹੈ, ਗਿਆਨ ਸਾਗਰ ਕਾਨਵੈਂਟ ਸਕੂਲ ਦੇ ਵਿੱਦਿਆਰਥੀ ਹਰ ਖੇਤਰ ਵਿੱਚ ਮੱਲਾਂ ਮਾਰ ਰਹੇ ਹਨ, ਪਿਛਲੇ ਥੋੜ੍ਹੇ ਸਮੇਂ 'ਚ ਵਿਦਿਆਰਥੀਆਂ ਨੇ ਖੇਡਾਂ ਦੇ ਖੇਤਰ ਵਿੱਚ ਨੈਸ਼ਨਲ ਪੱਧਰ ਤੇ ਸਟੇਟ ਪੱਧਰ 'ਤੇ ਲਗਾਤਾਰ ਸਕੂਲ ਤੇ ਮਾਪਿਆਂ ਦਾ ਨਾਮ ਚਮਕਾਇਆ ਹੈ, ਜਿਸ ਕਰਕੇ ਸਕੂਲ ਨੂੰ ਬੈਸਟ ਸਪੋਰਟਸ ਸਕੂਲ ਐਵਾਰਡ ਨਾਲ ਨਵਾਜਿਆ ਗਿਆ ਹੈ। ਇਸ ਮੌਕੇ ਸਕੂਲ ਚੇਅਰਮੈਨ ਰਾਮਪਾਲ ਸਿੰਘ ਸੋਖੋਂ ਤੇ ਪ੍ਰਿੰਸੀਪਲ ਭਾਰਤ ਦੀਪ ਗਰਗ ਨੇ ਮਾਪਿਆਂ ਨੂੰ ਇਕ ਵਾਰ ਸਕੂਲ ਵਿਜ਼ਟ ਕਰਨ ਦੀ ਅਪੀਲ ਵੀ ਕੀਤੀ ਅਤੇ ਉਨ੍ਹਾਂ ਦੇ ਬੱਚਿਆਂ ਦੇ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਫਲੈਗ ਮਾਰਚ

ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਡੀ ਐੱਸ ਪੀ ਰਾਜੇਸ਼ ਕੁਮਾਰ ਛਿੱਬੜ ਵੱਲੋਂ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਪੁਲਸ ਪਾਰਟੀ ਸਮੇਤ ਇਲਾਕੇ ਵਿੱਚ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਡੀ ਐੱਸ ਪੀ ਰਾਜੇਸ਼ ਛਿੱਬੜ ਤੇ ਥਾਣਾ ਮੁਖੀ ਅੰਮ੍ਰਿਤਵੀਰ ਸਿੰਘ ਚਹਿਲ ਨੇ ਕਿਹਾ ਕਿ ਇਲਾਕੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਬਰਕਰਾਰ ਰੱਖਣ ਤੇ ਲੋਕਾਂ ਵਿੱਚ ਕਿਸੇ ਪ੍ਰਕਾਰ ਦਾ ਕੋਈ ਡਰ ਨਾ ਰਹੇ, ਨੂੰ ਲੈ ਕੇ ਅੱਜ ਫਲੈਗ ਮਾਰਚ ਕੱਢਿਆ ਗਿਆ ਹੈ, ਉਥੇ ਹੀ ਲੋਕਾਂ ਨੂੰ ਅਪੀਲ ਵੀ ਕਰਦੇ ਹਾਂ ਕਿ ਉਹ ਆਪਣਾ ਲਾਈਸੈਂਸੀ ਅਸਲਾ ਜਲਦ ਜਮ੍ਹਾਂ ਕਰਵਾਉਣ।ਉਨ੍ਹਾ ਕਿਹਾ ਕਿ ਜੇਕਰ ਕਿਸੇ ਵੀ ਅਨਸਰ ਵੱਲੋਂ ਮਾਹੌਲ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਪੁਲਸ ਮੁਲਾਜ਼ਮ ਮੌਜੂਦ ਸਨ।

ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਮਲੋਟ 'ਚ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਪਰਮਜੀਤ ਸਿੰਘ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੂੰ ਸਮੇਂ ਸਿਰ ਤਨਖਾਹਾਂ ਨਾ ਮਿਲਣ ਕਰਕੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੀ ਮੰਤਰੀ ਡਾਕਟਰ ਬਲਜੀਤ ਕੌਰ ਦੇ ਵਿਧਾਨ ਸਭਾ ਹਲਕੇ ਮਲੋਟ ਵਿਖੇ 24 ਮਾਰਚ ਨੂੰ ਸੂਬਾ ਪੱਧਰੀ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਉਪਰੋਕਤ ਜਾਣਕਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਪ੍ਰਧਾਨ ਸ਼ਿੰਦਰਪਾਲ ਕੌਰ ਥਾਂਦੇਵਾਲਾ, ਬਲਾਕ ਗਿੱਦੜਬ

22-MAR-PAGE-8.qxd 3/21/2024 11:00 PM Page 1

ਐੱਸ ਕੇ ਐੱਮ 23 ਮਾਰਚ ਨੂੰ ਲੋਕਤੰਤਰ ਬਚਾਓ ਦਿਵਸ ਵਜੋਂ ਮਨਾਏਗਾ

ਮੋਹਟੀਆਨਾ (ਜਗਤਾਰ ਸਿੰਘ ਭੁੰਗਰਨੀ) ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿੱਚ ਸ਼ਾਮਲ ਜਥੇਬੰਦੀਆਂ ਦੀ ਮੀਟਿੰਗ ਲੁਧਿਆਣਾ ਦੇ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਹੋਈ। ਮੀਟਿੰਗ ਦੀ ਪ੍ਰਧਾਨਗੀ ਪ੍ਰੇਮ ਸਿੰਘ ਭੰਗੂ, ਸਤਨਾਮ ਸਿੰਘ ਅਜਨਾਲਾ ਅਤੇ ਬੋਘ ਸਿੰਘ ਮਾਨਸਾ ਨੇ ਕੀਤੀ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਪ੍ਰਧਾਨਗੀ ਮੰਡਲ ਨੇ ਦੱਸਿਆ ਕਿ ਮੀਟਿੰਗ ਵਿੱਚ 14 ਮਾਰਚ ਨੂੰ ਦਿੱਲੀ ਦੇ ਰਾਮਲੀਲ੍ਹਾ ਮੈਦਾਨ ਵਿੱਚ ਹੋਈ ਕਿਸਾਨ ਮਜ਼ਦੂਰ ਮਹਾਂਪੰਚਾਇਤ ਵਿੱਚ ਸਾਰੀਆਂ ਜਥੇਬੰਦੀਆਂ ਨੇ ਆਪੋ ਆਪਣੀ ਜਥੇਬੰਦੀ ਦੀ ਸ਼ਮੂਲੀਅਤ ਦੀ ਰਿਪੋਰਟ ਕੀਤੀ ਗਈ।ਪੰਜਾਬ ਤੋਂ ਸ਼ਾਮਲ ਹੋਏ ਕਿਸਾਨਾਂ ਅਤੇ ਬੀਬੀਆਂ ਦੀ ਗਿਣਤੀ ਤੇ ਤਸੱਲੀ ਪ੍ਰਗਟ ਕਰਦਿਆਂ ਇਸ ਨੂੰ ਇਤਿਹਾਸਕ ਮਹਾਂ ਪੰਚਾਇਤ ਕਰਾਰ ਦਿੱਤਾ ਗਿਆ।ਦਿੱਲੀ ਪੁਲਸ ਵੱਲੋਂ ਕਿਸਾਨ ਮਜ਼ਦੂਰ ਮਹਾਂਪੰਚਾਇਤ ਵਿੱਚ ਵਿਘਨ ਪਾਉਣ ਲਈ ਕਿਸਾਨਾਂ ਅਤੇ ਬੀਬੀਆਂ ਨੂੰ ਜਾਣਬੁੱਝ ਕੇ ਤੰਗ ਪਰੇਸ਼ਾਨ ਕਰਨ, ਨਵੀਂ ਦਿੱਲੀ ਵਿੱਚ ਧਾਰਾ 144 ਲਾ ਕੇ ਗੁਰਦੁਆਰਾ ਬੰਗਲਾ ਵਿਖੇ ਜਾਣ ਤੋਂ ਰੋਕਣ ਅਤੇ ਰਾਮਲੀਲ੍ਹਾ ਮੈਦਾਨ ਵਿੱਚ ਪਾਣੀ ਭਰਨ ਖਿਲਾਫ ਸਖ਼ਤ ਗੁੱਸੇ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ।ਕੇਂਦਰ ਦੀ ਮੋਦੀ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕਰਨ, ਕਿਸਾਨਾਂ ਤੇ ਜ਼ਬਰ ਕਰਨ ਅਤੇ ਭਾਜਪਾ ਵੱਲੋਂ ਕਿਸਾਨਾਂ ਦੇ ਕਤਲ ਦੇ ਮੁੱਖ ਸਾਜਿਸ਼ਘਾੜੇ ਅਜੈ ਮਿਸ਼ਰਾ ਟੈਨੀ ਨੂੰ ਟਿਕਟ ਦੇਣ ਲਈ ਭਾਜਪਾ ਨੂੰ ਸਜ਼ਾ ਦੇਣ ਦਾ ਐਲਾਨ ਕਰਦੇ ਹੋਏ ਭਾਜਪਾ ਵਿਰੋਧੀ ਮੁਹਿਮ ਜਥੇਬੰਦ ਕਰਨ ਦਾ ਫੈਸਲਾ ਕੀਤਾ ਗਿਆ।ਇੱਕ ਮਤੇ ਰਾਹੀਂ ਆਰ ਐਸ ਐਸ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਦੇਸ਼ ਵਿਰੋਧੀ ਕਹਿਣ ਦੀ ਸਖ਼ਤ ਨਿਖੇਧੀ ਕੀਤੀ ਗਈ। ਐਸ ਕੇ ਐਮ ਵੱਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੇ ਸ਼ਹੀਦੀ ਦਿਵਸ 23 ਮਾਰਚ ਨੂੰ ਸਾਰੇ ਪੰਜਾਬ ਵਿੱਚ ਲੋਕਤੰਤਰ ਬਚਾਓ ਦਿਵਸ ਵਜੋਂ ਪੂਰੇ ਜੋਸ਼ ਖਰੋਸ਼ ਨਾਲ ਮਨਾਇਆ ਜਾਵੇਗਾ।ਮੀਟਿੰਗ ਨੇ ਸਰਬਸੰਮਤੀ ਨਾਲ ਕਿਹਾ ਕਿ ਸ਼ਹੀਦਾਂ ਵੱਲੋਂ ਲਾਇਆ 'ਇਨਕਲਾਬ- ਜ਼ਿੰਦਾਬਾਦ' ਅਤੇ 'ਸਾਮਰਾਜਵਾਦ- ਮੁਰਦਾਬਾਦ' ਦਾ ਨਾਅਰਾ ਅੱਜ ਵੀ ਉਸ ਸਮੇਂ ਜਿੰਨੀ ਹੀ ਮਹੱਤਤਾ ਰੱਖਦਾ ਹੈ। ਸਾਮਰਾਜ ਅਤੇ ਭਾਰਤੀ ਦਲਾਲ ਹਾਕਮ ਜਮਾਤਾਂ, ਸੰਸਾਰ ਵਪਾਰ ਸੰਸਥਾ ਅਤੇ ਹੋਰ ਸਾਮਰਾਜੀ ਸੰਸਥਾਵਾਂ ਰਾਹੀਂ ਭਾਰਤ ਦੇ ਖੇਤੀ ਖੇਤਰ ਨੂੰ ਸਾਮਰਾਜੀ ਬਹੁ ਕੰਪਨੀਆਂ ਦੇ ਹਵਾਲੇ ਕਰਨਾ ਚਾਹੁੰਦੀਆਂ ਹਨ। ਇਸ ਲਈ ਕਿਸਾਨਾਂ ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਨੂੰ ਆਪਣੇ ਘੋਲ ਸਾਮਰਾਜੀ ਸੰਸਥਾਵਾਂ ਖਿਲਾਫ ਸੇਧਤ ਕਰਨ ਦੀ ਲੋੜ ਹੈ।ਮੀਟਿੰਗ ਵਿੱਚ ਪ੍ਰਧਾਨਗੀ ਮੰਡਲ ਤੋਂ ਇਲਾਵਾ ਗੁਰਮੀਤ ਮਹਿਮਾ, ਹਰਿੰਦਰ ਸਿੰਘ ਲੱਖੋਵਾਲ, ਸੁਖਦੇਵ ਸਿੰਘ ਅਰਾਈਆਂਵਾਲਾ, ਮੁਕੇਸ਼ ਚੰਦਰ, ਸੁੱਖ ਗਿੱਲ ਮੋਗਾ, ਅੰਗਰੇਜ ਸਿੰਘ ਮੁਹਾਲੀ, ਬਿੰਦਰ ਸਿੰਘ ਗੋਲੇਵਾਲਾ, ਲਖਵੀਰ ਸਿੰਘ ਨਿਜ਼ਾਮਪੁਰ , ਰੁਲਦੂ ਸਿੰਘ ਮਾਨਸਾ, ਬਲਦੇਵ ਸਿੰਘ ਲਤਾਲਾ, ਮਲੂਕ ਸਿੰਘ ਹੀਰ ਕੇ, ਹਰਦੇਵ ਸਿੰਘ ਸੰਧੂ, ਰਾਜਵਿੰਦਰ ਸਿੰਘ ਰਾਜੂ, ਬੂਟਾ ਸਿੰਘ ਬੁਰਜ ਗਿੱਲ, ਰਮਿੰਦਰ ਸਿੰਘ ਪਟਿਆਲਾ, ਪ੍ਰੀਤਮ ਸਿੰਘ ਰੌਪੜ ਅਤੇ ਆਈ ਐਸ ਗੁਲਾਟੀ, ਹਰਬੰਸ ਸਿੰਘ ਸੰਘਾ ਸ਼ਾਮਲ ਸਨ।

ਆਵਾਰਾ ਕੁੱਤਿਆਂ ਦੇ ਦੇ ਖੌਫ ਨਵਾਂਸ਼ਹਿਰ ਦੇ ਲੋਕ ਡਰੇ

ਪਿਛਲੇ ਢਾਈ ਮਹੀਨਿਆਂ 'ਚ 200 ਦੇ ਕਰੀਬ ਲੋਕਾਂ ਨੂੰ ਕੁੱਤਿਆਂ ਨੇ ਵੱਢਿਆ



ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ) ਨਵਾਂਸ਼ਹਿਰ 'ਚ ਆਵਾਰਾ ਕੁੱਤਿਆਂ ਤੋਂ ਲੋਕ ਡਰੇ ਹੋਏ ਹਨ।ਸ਼ਹਿਰ ਦੇ 19 ਵਾਰਡਾਂ 'ਚ ਆਵਾਰਾ ਕੁੱਤਿਆਂ ਦੀ ਦਹਿਸ਼ਤ ਹੈ। ਸ਼ਹਿਰ ਦੇ ਲੋਕਾਂ ਦਾ ਕਹਿਣਾ ਹੈ ਕਿ ਸਵੇਰੇ-ਸ਼ਾਮ ਸੈਰ ਕਰਨ, ਟਿਊਸ਼ਨ ਲਈ ਬੱਚਿਆਂ ਦਾ ਆਉਣਾ-ਜਾਣਾ, ਠੇਕਿਆਂ 'ਤੇ ਸਬਜ਼ੀ ਵਿਕਰੇਤਾ ਅਤੇ ਘਰੇਲੂ ਕੰਮ ਕਰਨ ਵਾਲੀਆਂ ਔਰਤਾਂ ਕੁੱਤਿਆਂ ਕਾਰਨ ਪ੍ਰੇਸ਼ਾਨ ਹਨ।ਲੋਕਾਂ ਨੇ ਮੰਗ ਕੀਤੀ ਕਿ ਨਗਰ ਕੌਂਸਲ ਆਵਾਰਾ ਕੁੱਤਿਆਂ ਦੀ ਨਸਬੰਦੀ ਕਰਵਾਏ।ਸ਼ਹਿਰ ਦੇ ਜੇਠੂ ਮਾਜਰਾ, ਦੁਰਗਾਪੁਰ, ਗੜ੍ਹਸ਼ੰਕਰ ਰੋਡ, ਕੁਲਾਮ ਰੋਡ, ਸਬਜ਼ੀ ਮੰਡੀ ਬੱਸ ਸਟੈਂਡ, ਰੇਲਵੇ ਰੋਡ ਨਵੀਂ ਅਬਾਦੀ, ਕੋਠੀ ਰੋਡ, ਬੰਗਾ ਰੋਡ, ਫਤਿਹ ਨਗਰ, ਸ਼ਾਂਤੀ ਨਗਰ, ਨਿਊ ਟੀਚਰ ਕਲੋਨੀ, ਗੁਰੂ ਰਵਿਦਾਸ ਨਗਰ, ਬਕਰਖਾਨਾ ਰੋਡ, ਗੁਰਦੁਆਰਾ ਸਾਹਿਬ ਵਿੱਚ ਆਵਾਰਾ ਕੁੱਤਿਆਂ ਦੀ ਭਰਮਾਰ ਹੈ।ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਵਿੱਚ ਜਨਵਰੀ ਤੋਂ 18 ਮਾਰਚ ਤੱਕ 196 ਵਿਅਕਤੀਆਂ ਨੂੰ ਆਵਾਰਾ ਕੁੱਤਿਆਂ ਦੁਆਰਾ ਵੱਡਣ ਦੀ ਜਾਣਕਾਰੀ ਹੈ, ਜਿਨ੍ਹਾਂ ਦਾ ਸਿਵਲ ਹਸਪਤਾਲ ਵਿੱਚ ਮੁਫ਼ਤ ਇਲਾਜ ਕੀਤਾ ਗਿਆ। ਹਾਰਟ ਸਪੈਸ਼ਲਿਸਟ ਡਾ: ਨਿਰਮਲ ਸਿੰਘ ਨੇ ਦੱਸਿਆ ਕਿ ਆਵਾਰਾ ਕੁੱਤਿਆਂ ਦੇ ਲੋਕਾ ਨੂੰ ਕੱਟਣ ਦੀ ਗਿਣਤੀ ਵੱਧ ਗਈ ਹੈ।ਲੋਕਾਂ ਨੂੰ ਆਵਾਰਾ ਕੁੱਤਿਆਂ ਤੋਂ ਬਚਣਾ ਚਾਹੀਦਾ ਹੈ।ਜੇਕਰ ਕੁੱਤੇ ਦੁਆਰਾ ਕਿਸੇ ਨੂੰ ਕੱਟਣ ਦਾ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਤੁਰੰਤ ਪੀੜਤ ਮਰੀਜ਼ ਨੂੰ ਇਲਾਜ ਲਈ ਸਿਵਲ ਹਸਪਤਾਲ ਲੈ ਕੇ ਆਉਣ।

ਸਿਵਲ ਹਸਪਤਾਲ ਦੇ ਐਸ ਐਮ ਓ ਡਾ: ਸਤਵਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਕੁੱਤਿਆਂ ਦੇ ਕੱਟਣ ਵਾਲੇ ਮਰੀਜਾਂ ਦਾ ਹਸਪਤਾਲ ਵਿੱਚ ਇਲਾਜ ਸੰਭਵ ਹੈ।ਐਂਟੀ-ਰੇਬੀਜ਼ ਵੈਕਸੀਨੇਸ਼ਨ ਕਰਵਾਉਣੀ ਚਾਹੀਦੀ ਹੈ।ਪੀੜਤ ਮਰੀਜ ਨੂੰ ਚਾਹੀਦਾ ਹੈ ਕਿ 72 ਘੰਟੇ ਦੇ ਅੰਦਰ ਟੀਕਾਕਰਨ ਕਰਵਾਏ।ਜੇਕਰ ਟੀਕਾਕਰਨ ਨਾ ਕੀਤਾ ਗਿਆ ਤਾਂ ਕੁੱਤੇ ਦੇ ਕੱਟਣ ਦੀ ਬਿਮਾਰੀ ਦੇ ਲੱਛਣ ਦਸ ਸਾਲ ਬਾਅਦ ਵੀ ਮੁੜ ਸਾਹਮਣੇ ਆ ਸਕਦੇ ਹੈ।

ਸ਼ਹਿਰ ਵਾਸੀ ਜਗਦੀਸ਼ ਗੰਗੜ, ਡਾ ਅਵਤਾਰ ਬਾਲੀ, ਬਸਪਾ ਮੱਖਣ ਚੌਹਾਨ, ਜਿਊਲਰਜ਼ ਰੋਹਿਤ ਜੈਨ, ਪ੍ਰਦੀਪ ਕੁਮਾਰ, ਬਹਾਦਰ ਚੰਦ ਅਰੋੜਾ ਸੁਖਰਾਜ ਸਿੰਘ ਕੈਡੀ ਐਡਵੋਕੇਟ ਰਾਜਪਾਲ ਚੌਹਾਨ ਸੁਰਜੀਤ ਕਰੀਮਪੁਰ ਹਰਬੰਸ ਲਾਲ ਆਰ ਸਵੀਟਸ ਹਿਤੇਸ਼ ਕੁਮਾਰ ਮਹਿੰਦੀ ਪੁਰ ਨੇ ਨੇ ਕਿਹਾ ਕਿ ਪਿੰਡਾਂ ਵਿੱਚ ਆਵਾਰਾ ਕੁੱਤਿਆਂ ਦੀ ਭਰਮਾਰ ਹੈ ਜੋ ਅਕਸਰ ਹੀ ਆਉਣ-ਜਾਣ ਵਾਲੇ ਲੋਕਾਂ ਨੂੰ ਖਦੇੜਦੇ ਹਨ।ਨਗਰ ਕੌਂਸਲ ਇਨ੍ਹਾਂ ਕੁੱਤਿਆਂ ਦੀ ਸਮੱਸਿਆ ਤੋਂ ਨਿਜਾਤ ਦਿਵਾਉਣ ਲਈ ਕੋਈ ਵਿਸ਼ੇਸ਼ ਕਦਮ ਨਹੀਂ ਚੁੱਕ ਰਹੀ।

ਜਨਤਾ ਕਾਲਜ ਦੇ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਕਰਤਾਰਪੁਰ (ਹਰਮੇਸ਼ ਦੱਤ) ਐਮ ਜੀ ਐਸ ਐਮ ਜਨਤਾ ਕਾਲਜ ਕਰਤਾਰਪੁਰ ਦੇ ਵਿਦਿਆਰਥੀਆਂ ਨੇ ਸੈਸ਼ਨ 2023-24 ਦੀ ਬੀ.ਏ. ਤੀਜੇ ਅਤੇ ਪੰਜਵੇਂ ਸਮੈਸਟਰ ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬੀ.ਏ. ਤੀਜੇ ਸਮੈਸਟਰ ਦੀ ਅਸ਼ਮਿਤਾ ਨੇ 74.5% ਅੰਕ ਲੈ ਕੇ ਕਾਲਜ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਬੀ. ਏ. ਤੀਜੇ ਸਮੈਸਟਰ ਦੀ ਹੀ ਵਿਦਿਆਰਥਣਾਂ ਪਰਮਿੰਦਰ ਕੌਰ ਨੇ 69.25% ਨੰਬਰ ਲੈ ਕੇ ਦੂਜਾ ਅਤੇ ਰਿੰਕੀ ਨੇ 67% ਨੰਬਰ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ। ਕਾਲਜ ਦੀ ਬੀ. ਏ. ਪੰਜਵੇਂ ਸਮੈਸਟਰ ਦੀ ਵਿਦਿਆਰਥਣ ਕੋਮਲਪ੍ਰੀਤ ਕੌਰ ਨੇ 66.75 % ਨੰਬਰ ਲੈ ਕੇ ਪਹਿਲਾ ਸਥਾਨ ਹਾਸਿਲ ਕੀਤਾ ।ਇਸੇ ਕਲਾਸ ਦੀ ਰਜਨ ਨੇ ਦੂਜਾ ਅਤੇ ਤੀਸਰੇ ਸਥਾਨ 'ਤੇ ਨੀਰਜ ਰਹੀ। ਪ੍ਰਿੰਸੀਪਲ ਡਾਕਟਰ ਪ੍ਰੈਟੀ ਸੋਢੀ ਨੇ ਸਮੂਹ ਸਟਾਫ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਹੋਰ ਸਖ਼ਤ ਮਿਹਨਤ ਕਰਨ ਤਾਂ ਕਿ ਭਵਿੱਖ ਵਿੱਚ ਵੱਡੀਆਂ ਮੰਜ਼ਿਲਾਂ ਨੂੰ ਸਰ ਕੀਤਾ ਜਾ ਸਕੇ।ਕਾਲਜ ਦੇ ਪ੍ਰਧਾਨ ਚੌਧਰੀ ਸੁਰਿੰਦਰ ਸਿੰਘ ਜੀ ਅਤੇ ਸਕੱਤਰ ਹਰੀ ਪਾਲ ਜੀ ਨੇ ਸਮੂਹ ਸਟਾਫ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਵੀ ਵਧੀਆ ਪ੍ਰਦਰਸ਼ਨ ਕਰਕੇ ਕਾਲਜ ਦਾ ਨਾਮ ਰੋਸ਼ਨ ਕਰਨ ਦਾ ਸੰਦੇਸ਼ ਦਿੱਤਾ ।

ਭਾਈ ਨੰਦ ਲਾਲ ਪਬਲਿਕ ਸਕੂਲ ਵਿਖੇ ਕਰਵਾਈ ਗ੍ਰੈਜੂਏਸ਼ਨ ਸੈਰਾਮਨੀ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 52 ਕਵੀਆਂ ਵਿੱਚੋਂ ਵਿਸ਼ੇਸ਼ ਅਤੇ ਉਘੇ ਕਵੀ ਭਾਈ ਨੰਦ ਲਾਲ ਜੀ ਦੇ ਨਾਂਅ 'ਤੇ ਚੱਲ ਰਹੀ ਸੰਸਥਾ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਿਰਮੌਰ ਅਤੇ ਸੀ ਬੀ ਐਸ ਈ ਤੋਂ ਮਾਨਤਾ ਪ੍ਰਾਪਤ ਇਲਾਕੇ ਦੀ ਮੋਹਰੀ ਇੰਗਿਲਸ਼ ਮੀਡੀਅਮ ਵਿੱਦਿਅਕ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਵਿੱਚ ਯੂ ਕੇ ਜੀ ਜਮਾਤ ਦੀ ਗ੍ਰੇਜੂਏਸ਼ਨ ਸੈਰਾਮਨੀ ਕਰਵਾਈ ਗਈ।ਜਿਸ ਵਿੱਚ ਮੁੱਖ ਮਹਿਮਾਨ ਵਜੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਵਿਸ਼ੇਸ਼ ਮਹਿਮਾਨ ਵਜੋਂ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਸ੍ਰੀ ਅਨੰਦਪੁਰ ਸਾਹਿਬ ਪੁਹੰਚੇ।ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਿੱਥੇ ਬੱਚਿਆਂ ਨੂੰ ਸਿੱਖੀ ਸਰੂਪ ਪ੍ਰਤੀ ਕਾਇਮ ਰੱਖਣ ਲਈ ਪ੍ਰੇਰਿਆ ਉਥੇ ਵਿਦਿਆਰਥੀਆਂ ਦੀ ਵਾਤਾਵਰਣ ਸੰਬੰਧੀ ਕੀਤੀ ਗਈ ਪੇਸ਼ਕਸ਼ ਨੂੰ ਧਿਆਨ ਵਿੱਚ ਰੱਖਦੇ ਹੋਏ ਲੋਕਾਂ ਨੂੰ ਜਾਗਰੂਕ ਹੋਣ ਲਈ ਕਿਹਾ।ਉਹਨਾਂ ਨੇ ਸਮੁੱਚੀ ਪੇਸ਼ਕਾਰੀ ਤੋਂ ਖੁਸ਼ ਹੁੰਦੇ ਹੋਏ ਸਕੂਲ ਨੂੰ 2 ਲੱਖ ਰੁਪਏ ਦੇਣ ਦਾ ਐਲਾਨ ਕੀਤਾ।ਅਮਰਜੀਤ ਸਿੰਘ ਚਾਵਲਾ ਨੇ ਵਿਦਿਆਰਥੀਆਂ ਅਤੇ ਸਟਾਫ ਨੂੰ ਹੋਰ ਮਿਹਨਤ ਕਰਨ ਲਈ ਕਿਹਾ ਤੇ ਸਮੂਹ ਸਟਾਫ ਦੀ ਹੌਸਲਾ ਅਫਜਾਈ ਕੀਤੀ।ਮਾਪਿਆਂ ਨੂੰ ਉਹਨਾਂ ਨੇ ਅਪੀਲ ਕੀਤੀ ਕਿ ਉਹ ਮੋਬਾਇਲ ਦੀ ਵਰਤੋਂ ਵਿੱਚ ਆਪ ਗੁਰੇਜ਼ ਕਰਨ ਅਤੇ ਆਪਣੇ ਬੱਚਿਆਂ ਨੂੰ ਵੀ ਇਸ ਦੀ ਦੁਰਵਰਤੋਂ ਤੋਂ ਰੋਕਣ।ਪ੍ਰਿੰਸੀਪਲ ਸਤਨਾਮ ਸਿੰਘ ਨੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਇਸ ਵਿਸ਼ੇਸ਼ ਸਕੂਲ ਸਮਾਗਮ ਤੇ ਪੁਹੰਚਣ 'ਤੇ ਧੰਨਵਾਦ ਕੀਤਾ।ਨਤੀਜਿਆਂ ਵਿੱਚ ਯੂ.ਕੇ.ਜੀ (ਏ) ਵਿੱਚੋਂ ਪਹਿਲਾ ਸਥਾਨ ਕਵੀਰਾਜ ਸਿੰਘ (100%), ਦੂਸਰਾ ਸਥਾਨ ਗੁਰਨੀਤ ਸਿੰਘ (99.93%) ਰੀਆਸ਼ ਕੌਸ਼ਲ (99.93%) ਤੀਸਰਾ ਸਥਾਨ ਜਸਲੀਨ ਕੌਰ (99.84%) ਨੇ ਪ੍ਰਾਪਤ ਕੀਤਾ।ਯੂ.ਕੇ.ਜੀ (ਬੀ) ਵਿੱਚੋਂ ਪਹਿਲਾ ਸਥਾਨ ਹਰਕੀਰਤ ਕੌਰ (100%), ਦੂਸਰਾ ਸਥਾਨ ਸਾਹਿਬਪ੍ਰੀਤ ਸਿੰਘ (99.96%), ਸਰਬਲੀਨ ਕੌਰ (99.96%) ਤੀਸਰਾ ਸਥਾਨ ਦਿਲਮਨ ਕੌਰ (99.81%) ਨੇ ਪ੍ਰਾਪਤ ਕੀਤਾ।ਯੂ.ਕੇ.ਜੀ (ਸੀ) ਵਿੱਚੋਂ ਪਹਿਲਾ ਸਥਾਨ ਹਰਸਾਹਿਬ ਸਿੰਘ (99.62%), ਦੂਸਰਾ ਸਥਾਨ ਹਰਜੋਤ ਸਿੰਘ (99.06%) ਤੀਸਰਾ ਸਥਾਨ ਆਦਵਿਕ ਧੀਮਾਨ (98.3%) ਨੇ ਅਤੇ ਅਮਨਦੀਪ ਕੌਰ ਨੇ ਵਿਸ਼ੇਸ਼ ਇਨਾਮ ਪ੍ਰਾਪਤ ਕੀਤਾ।ਇਸ ਮੌਕੇ ਤੇ ਵਿਦਿਆਰਥੀ, ਉਹਨਾਂ ਦੇ ਮਾਪੇ ਅਤੇ ਸਮੂਹ ਸਟਾਫ ਮੌਜੂਦ ਸੀ।

ਮਾਰਚ ਮਹੀਨੇ ਦੇ ਸ਼ਹੀਦਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਸੈਮੀਨਾਰ

ਬੰਗਾ (ਅਵਤਾਰ ਕਲੇਰ) ਦਿਲਬਾਗ ਸਿੰਘ ਸਰਕਾਰੀ ਕਾਲਜ ਜਾਡਲਾ ਵਿਖੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਹੋਰਾਂ ਦੀ ਵਿਚਾਰਧਾਰਾ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ।ਸਿਖਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਸਿੰਘ ਧਰਮਕੋਟ ਅਤੇ ਨਵਾਂਸ਼ਹਿਰ ਆਈ ਈ ਟੀ ਈ ਕਮੇਟੀ ਦੇ ਸੈਕਟਰੀ ਸਿਮਰਨਜੀਤ ਸਿੰਘ ਕਿਹਾ ਕਿ ਅੱਜ ਵਿਦਿਆਰਥੀਆਂ ਨੂੰ ਦੇਸ਼ ਵਿੱਚ ਕੇਂਦਰ ਦੀ ਵੱਧ ਰਹੀ ਤਾਨਾਸ਼ਾਹੀ ਦੇ ਸਮੇਂ ਦੌਰਾਨ ਸ਼ਹੀਦਾਂ ਦੀ ਵਿਚਾਰਧਾਰਾ ਤੇ ਅਮਲ ਕਰਨ ਦੀ ਸਮੇਂ ਦੀ ਮੁੱਖ ਲੋੜ ਹੈ, ਕਿਉਂਕਿ ਸ਼ਹੀਦਾਂ ਦੇ ਅਧੂਰੇ ਸੁਪਨਿਆਂ ਨੂੰ ਪੂਰੇ ਕਰਨ ਦੇ ਵਿੱਚ ਕੋਈ ਵੀ ਸਰਕਾਰ ਅੱਗੇ ਨਹੀਂ ਆ ਰਹੀ।ਆਗੂਆਂ ਨੇ ਕਿਹਾ ਕਿ ਸਮਾਜ ਵਿੱਚ ਦੋ ਜਮਾਤਾਂ ਹੁੰਦੀਆਂ ਹਨ ਇੱਕ ਕਿਰਤ ਕਰਨ ਵਾਲੀ ਤੇ ਦੂਸਰੀ ਕਿਰਤ ਦੀ ਲੁੱਟ ਕਰਨ ਵਾਲੀ।ਇਸ ਲਈ ਕਿਰਤ ਕਰਨ ਵਾਲਿਆਂ ਦੇ ਸ਼ਹੀਦ ਤੇ ਕਿਰਤ ਦੀ ਲੁੱਟ ਕਰਨ ਵਾਲਿਆਂ ਦੇ ਸ਼ਹੀਦ ਕਦੇ ਵੀ ਸਾਂਝੇ ਨਹੀਂ ਹੋ ਸਕਦੇ।ਆਗੂਆਂ ਨੇ ਇਲਾਕੇ ਦੇ ਸਮੂਹ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਕੀਤੀ ਜਾ ਰਹੀ ਵਿਦਿਆਰਥੀ ਮੰਗਾਂ ਨੂੰ ਲੈ ਕੇ 23 ਮਾਰਚ ਨੂੰ ਖਟਕੜ ਕਲਾਂ ਵਿਖੇ ਸੂਬਾ ਪੱਧਰੀ ਕਾਨਫਰੰਸ ਵਿੱਚ ਪਹੁੰਚਣ ਦੀ ਅਪੀਲ ਕੀਤੀ,ਜਿਸ ਵਿੱਚ ਮੁੱਖ

22-MAR-PAGE-9.qxd 3/21/2024 10:59 PM Page 1

ਲਾਇਲਪੁਰ ਖ਼ਾਲਸਾ ਕਾਲਜ ਵਿਖੇ ਸਾਲਾਨਾ ਸਪੋਰਟਸ ਮੀਟ

ਜਲੰਧਰ (ਸ਼ੈਲੀ ਐਲਬਰਟ)- ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਨਿਰੰਤਰ ਗਤੀਸ਼ੀਲ ਰਹਿੰਦਾ ਹੈ। ਪੜ੍ਹਾਈ, ਕਲਚਰਲ ਤੇ ਸਾਹਿਤਕ ਖੇਤਰ ਵਿਚ ਪ੍ਰਾਪਤੀਆਂ ਕਰਨ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਵੀ ਇਥੋਂ ਦੇ ਖਿਡਾਰੀ ਉੱਚ ਪ੍ਰਾਪਤੀਆਂ ਕਰਦੇ ਹਨ। ਖੇਡਾਂ ਨੂੰ ਪ੍ਰਫੁੱਲਤ ਕਰਨ ਅਤੇ ਖਿਡਾਰੀਆਂ ਦੇ ਦਿਲਾਂ ਵਿਚ ਖੇਡ ਮਸ਼ਾਲ ਨੂੰ ਚਲਦਾ ਰੱਖਣ ਲਈ ਕਾਲਜ ਵਿਖੇ ਸਾਲਾਨਾ ਸਪੋਰਟਸ ਮੀਟ ਕਰਵਾਈ ਗਈ। ਇਸ ਸਾਲਾਨਾ ਸਪੋਰਟਸ ਮੀਟ ਵਿਚ ਜਸਪਾਲ ਸਿੰਘ ਵੜੈਚ, ਸੰਯੁਕਤ ਸਕੱਤਰ ਗਵਰਨਿੰਗ ਕੌਂਸਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਦਾ ਸੁਆਗਤ ਪ੍ਰਿੰਸੀਪਲ ਡਾ. ਜਸਪਾਲ ਸਿੰਘ, ਵਾਈਸ ਪ੍ਰਿੰਸੀਪਲ ਪ੍ਰੋ. ਜਸਗੀਨ ਕੌਰ ਅਤੇ ਡੀਨ ਸਪੋਰਟਸ ਡਾ. ਐਸ.ਐਸ. ਬੈਂਸ ਨੇ ਕੀਤਾ। ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਸਮੁੱਚੀ ਗਵਰਨਿੰਗ ਕੌਂਸਲ ਅਤੇ ਵਿਸ਼ੇਸ਼ ਤੌਰ 'ਤੇ ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਦਾ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕੇ ਖੇਡਾਂ ਵਿਦਿਆਰਥੀ ਜੀਵਨ ਵਿਚ ਬਹੁਤ ਮਹੱਤਵਪੂਰਨ ਹਨ। ਇਸ ਸਪੋਰਟਸ ਮੀਟ ਵਿਚ ਵਾਲੀਵਾਲ ਦੇ ਮੈਚਾਂ ਲਈ ਚਾਰ ਟੀਮਾਂ ਸਾਇੰਸ ਸਮੈਸ਼ਰਜ਼, ਆਰਟਸ ਅਵੈਂਜਰਸ, ਕਾਮਰਸ ਚੈਂਪੀਅਨਸ ਅਤੇ ਕੰਪਿਊਟਰ ਕਰੂਸੇਡਰਸ ਬਣਾਈਆਂ ਗਈਆਂ ਸਨ, ਜਦਕਿ ਰੱਸਾ-ਕਸੀ ਦੇ ਮੁਕਾਬਲਾ ਫਿਜ਼ੀਓਥੈਰੇਪੀ ਪੈਂਥਰਜ਼, ਸਾਇੰਸ ਸਮੈਸ਼ਰਸ, ਆਰਟਸ ਅਵੇਂਜਰਸ, ਕੰਪਿਊਟਰ ਕਰੂਸੇਡਰਸ ਅਤੇ ਕਾਮਰਸ ਚੈਂਪੀਅਨਸ ਵਿਚਕਾਰ ਕਰਵਾਇਆ ਗਿਆ। ਇਨ੍ਹਾਂ ਮੁਕਾਬਲਿਆਂ ਵਿਚ ਵਾਲੀਵਾਲ ਵਿਚ ਪਹਿਲਾ ਆਰਟਸ ਅਵੇਂਜਰਸ, ਦੂਜਾ ਸਥਾਨ ਕਾਮਰਸ ਚੈਂਪੀਅਨਸ ਅਤੇ ਤੀਜਾ ਸਥਾਨ ਕੰਪਿਊਟਰ ਕਰੂਸੇਡਸ ਨੇ ਹਾਸਲ ਕੀਤਾ। ਜਦਕਿ ਰੱਸਾ ਕਸੀ ਵਿਚ ਪਹਿਲਾ ਸਥਾਨ ਆਰਟਸ ਅਵੈਂਜਰਸ ਨੇ, ਦੂਜਾ ਸਥਾਨ ਕਾਮਰਸ ਚੈਂਪੀਅਨਸ ਅਤੇ ਤੀਜਾ ਸਥਾਨ ਫਿਜਿਓਥੈਰੇਪੀ ਪੈਂਥਰਸ ਨੇ ਹਾਸਲ ਕੀਤਾ। ਫਿਟਨੈਸ ਐਡ ਫਨ ਰੇਸ ਵਿਚ ਪਹਿਲਾ ਸਥਾਨ ਕੰਪਿਊਟਰ ਕਰੂਸੇਡਸ, ਦੂਜਾ ਸਥਾਨ ਆਰਟਸ ਅਵੇਂਜਰਸ ਅਤੇ ਤੀਜਾ ਸਥਾਨ ਕਾਮਰਸ ਚੈਂਪੀਅਨ ਨੇ ਹਾਸਲ ਕੀਤਾ। ਟ੍ਰਿੱਪਲ ਲੈੱਗ ਰੇਸ ਵਿਚ ਪਹਿਲਾ ਸਥਾਨ ਸਿਮਰਜੀਤ ਤੇ ਰਜਿੰਦਰ ਨੇ, ਦੂਜਾ ਸਥਾਨ ਖ਼ੁਸ਼ੀ ਤੇ ਆਰਸ਼ਿਕ, ਤੀਜਾ ਸਥਾਨ ਕਾਜਲ ਤੇ ਮੁਸਕਾਨ ਨੇ ਹਾਲਸ ਕੀਤਾ। ਸ਼ੋਟ ਪੁੱਟ ਵਿਚ ਪਹਿਲਾ ਸਥਾਨ ਸ਼ਿਵਾਨਸ਼, ਦੂਜਾ ਸਥਾਨ ਰਾਜਬੀਰ, ਤੀਜਾ ਸਥਾਨ ਰਾਹਤਜੋਤ ਨੇ ਹਾਸਲ ਕੀਤਾ।। ਜਦਕਿ ਲੌਂਗ ਜੰਪ ਵਿਚ ਪਹਿਲਾ ਸਥਾਨ ਦਲੀਪ ਕੁਮਾਰ, ਦੂਜਾ ਸਥਾਨ ਸੌਰਵ ਕੁਮਾਰ ਤੇ ਤੀਜਾ ਸਥਾਨ ਕਰਨਦੀਪ ਸਿੰਘ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ 800 ਮੀਟਰ ਰੇਸ ਵਿਚ ਪਹਿਲਾ ਸਥਾਨ ਦਲੀਪ ਕੁਮਾਰ, ਦੂਜਾ ਸਥਾਨ ਅਨਮੋਲਦੀਪ ਸਿੰਘ ਤੇ ਤੀਜਾ ਸਥਾਨ ਅਵਿਨਾਸ਼ ਨੇ ਪ੍ਰਾਪਤ ਕੀਤਾ। ਸਪੋਰਟਸ ਮੀਟ ਦੌਰਾਨ ਕੁਮੈਂਟੇਟਰ ਦੀ ਭੂਮਿਕਾ ਪ੍ਰੋ. ਸੰਜੀਵ ਕੁਮਾਰ ਆਨੰਦ ਡਾ. ਸੁਰਿੰਦਰਪਾਲ ਮੰਡ ਅਤੇ ਡਾ. ਉਪਮਾ ਅਰੋੜਾ ਨੇ ਨਿਭਾਈ।

ਡਾ. ਵੈਭਵ ਸ਼ਰਮਾ ਯੂਥ ਕੋਆਰਡੀਨੇਟਰ ਨਿਯੁਕਤ

ਫਿਲੌਰ (ਨਿਰਮਲ) ਵਿਧਾਨ ਸਭਾ ਹਲਕਾ ਫਿਲੌਰ ਦੇ ਜਾਣੇ-ਪਛਾਣੇ ਅਤੇ ਹਮੇਸ਼ਾ ਲੋਕਾਂ ਦੇ ਦਿਲਾਂ ਵਿਚ ਵਸਣ ਵਾਲੇ ਡਾ.ਵੈਭਵ ਸ਼ਰਮਾ ਨੂੰ ਮੁੱਖ ਮੰਤਰੀ ਪੰਜਾਬ ਦੀ ਤਰਫੋਂ ਵਿਧਾਨ ਸਭਾ ਹਲਕਾ ਫਿਲੌਰ ਦਾ ਯੂਥ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ । ਜ਼ਿਕਰਯੋਗ ਹੈ ਕਿ ਵੈਭਵ ਸ਼ਰਮਾ ਲੰਬੇ ਸਮੇਂ ਤੋਂ ਡਾਕਟਰ ਵਜੋਂ ਸਮਾਜ ਦੀ ਸੇਵਾ ਕਰ ਰਹੇ ਹਨ ਅਤੇ ਲਗਾਤਾਰ ਦੂਜੀ ਵਾਰ ਨਗਰ ਕੌਂਸਲ ਵਿੱਚ ਕੌਂਸਲਰ ਅਤੇ ਮੀਤ ਪ੍ਰਧਾਨ ਦੇ ਅਹੁਦੇ 'ਤੇ ਰਹਿ ਚੁੱਕੇ ਹਨ। ਹਮੇਸ਼ਾ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਿਹਤਰ ਤਰੀਕੇ ਨਾਲ ਹੱਲ ਕਰਦੇ ਆਏ ਹਨ। ਉਹ ਪਿਛਲੇ ਲੰਮੇ ਸਮੇਂ ਤੋਂ ਆਮ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਹਲਕੇ ਵਿੱਚ ਉਨ੍ਹਾਂ ਦੀ ਚੰਗੀ ਪਛਾਣ ਹੈ, ਜਿਸ ਕਾਰਨ ਉਨ੍ਹਾਂ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਤਰਫੋਂ ਵਿਧਾਨ ਸਭਾ ਹਲਕਾ ਫਿਲੌਰ ਯੂਥ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਸੀ। ਡਾ: ਵੈਭਵ ਸ਼ਰਮਾ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਬਲਕਾਰ ਸਿੰਘ, ਸੁਸ਼ੀਲ ਰਿੰਕੂ ਅਤੇ ਪੰਜਾਬ ਰਾਜ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਅਤੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਵੀ ਜ਼ਿੰਮੇਵਾਰੀ ਮਿਲੀ ਹੈ, ਉਹ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਕਰਨਗੇ।ਡਾ: ਪੂਰਨ ਚੰਦ, ਸੁਨੀਲ ਸ਼ਰਮਾ, ਭੂਸ਼ਨ ਮਲੋਹਤਰਾ, ਰਾਜੀਵ ਦੁੱਗਲ ਆਦਿ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਹੈ।

24 ਨੂੰ ਹੋਣ ਵਾਲੇ ਇਨਕਲਾਬੀ ਨਾਟਕ ਮੇਲੇ ਦੀਆਂ ਤਿਆਰੀਆਂ ਮੁਕੰਮਲ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਸ਼ਹੀਦੇ ਆਜ਼ਮ ਭਗਤ ਸਿੰਘ ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ ਇਨਕਲਾਬੀ ਨਾਟਕ ਅਤੇ ਗੀਤ ਸੰਗੀਤ ਮੇਲਾ ਜੋ ਕਿ 24 ਮਾਰਚ ਦਿਨ ਐਤਵਾਰ ਨੂੰ ਸ਼ਹੀਦ ਚੌਕ ਨੇੜੇ ਟਾਂਡਾ ਉੜਮੁੜ ਵਿਖੇ ਕਰਵਾਇਆ ਜਾ ਰਿਹਾ ਹੈ, ਉਸ ਦੀਆਂ ਸਮੁੱਚੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਗੱਲ ਦੀ ਜਾਣਕਾਰੀ ਦਿੰਦੇ ਹੋਏ ਲੋਕ ਇਨਕਲਾਬ ਮੰਚ ਦੇ ਸਰਪ੍ਰਸਤ ਹਰਦੀਪ ਖੁੱਡਾ ਅਤੇ ਰਜਿੰਦਰ ਮਾਰਸ਼ਲ ਨੇ ਦੱਸਿਆ ਕਿ ਇਸ ਮੇਲੇ ਵਿੱਚ ਲੋਕ ਕਲਾ ਮੰਚ ਮੁੱਲਾਪੁਰ ਦੀ ਟੀਮ ਵੱਲੋਂ ਪਰਿੰਦੇ ਭਟਕ ਗਏ ਛਿੱਪਣ ਤੋਂ ਪਹਿਲਾ ਨਾਟਕ ਖੇਡਿਆ ਜਾਵੇਗਾ। ਇਨਕਲਾਬੀ ਲੋਕ ਗਾਇਕ ਜੁਗਰਾਜ ਧੌਲਾ ਅਤੇ ਨਵਦੀਪ ਧੌਲਾ ਵੱਲੋਂ ਸ਼ਹੀਦ ਦੇ ਆਜ਼ਮ ਭਗਤ ਸਿੰਘ ਦੀਆਂ ਵਾਰਾਂ ਗਾਈਆਂ ਜਾਣਗੀਆਂ।

ਇਸ ਮੌਕੇ ਲੋਕਾਂ ਨੂੰ ਅੰਧ ਵਿਸ਼ਵਾਸ ਅਤੇ ਵਹਿਮਾਂ ਭਰਮਾਂ ਤੋਂ ਮੁਕਤ ਕਰਨ ਲਈ ਤਰਕਸ਼ੀਲ ਸੋਸਾਇਟੀ ਵੱਲੋਂ ਜਾਦੂ ਦੇ ਸ਼ੋਅ ਕਰਕੇ ਉਹਨਾਂ ਪਿੱਛੇ ਛੁਪੇ ਰਹੱਸਾਂ ਦੀ ਜਾਣਕਾਰੀ ਦਿੱਤੀ ਜਾਵੇਗੀ। ਵਿਗਿਆਨਿਕ ਅਤੇ ਤਰਕਸ਼ੀਲ ਚੇਤਨਾ ਪੈਦਾ ਕਰਨ ਲਈ ਕਿਤਾਬਾਂ ਦੇ ਵੱਡੇ ਪੱਧਰ 'ਤੇ ਸਟਾਲ ਲਗਾਏ ਜਾ ਰਹੇ ਹਨ। ਇਸ ਨਾਟਕ ਅਤੇ ਗੀਤ ਸੰਗੀਤ ਮੇਲੇ ਦਾ ਪ੍ਰਬੰਧ ਲੋਕ ਇਨਕਲਾਬ ਮੰਚ ਪੰਜਾਬ, ਦੁਆਬਾ ਕਿਸਾਨ ਕਮੇਟੀ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ, ਸਰਬੱਤ ਦਾ ਭਲਾ ਸੁਸਾਇਟੀ ਅਤੇ ਤਰਕਸ਼ੀਲ ਸੋਸਾਇਟੀ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਹੈ। ਇਹ ਮੇਲਾ ਇਲਾਕੇ ਦੀਆਂ ਸਮਾਜਿਕ ਸੰਸਥਾਵਾਂ ਅਤੇ ਮੁਲਾਜ਼ਮ ਜਥੇਬੰਦੀਆਂ ਦਾ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿੱਚ ਸਮਾਜਿਕ ਕਾਰਜਾਂ ਵਿੱਚ ਭਾਗ ਲੈਣ ਵਾਲੀਆਂ ਇਲਾਕੇ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਮਾਸਟਰ ਰਮੇਸ਼ ਹੁਸ਼ਿਆਰਪੁਰੀ, ਰਮਨ ਕੁਮਾਰ ਜਾਜਾ, ਪ੍ਰਿੰਸੀਪਲ ਗੁਰਪਾਲ ਜੌੜਾ, ਨਵਦੀਪ ਸਿੰਘ ਆਦਿ ਹਾਜ਼ਰ ਸਨ।

ਅਕਾਲੀ ਦਲ ਨੇ ਵਰਕਰਾਂ ਨੂੰ ਸਦਾ ਦਿੱਤਾ ਸਤਿਕਾਰ : ਧਾਮੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੇ ਸਦਾ ਹੀ ਪੰਥ ਅਤੇ ਪਾਰਟੀ ਲਈ ਸਮਰਪਣ ਭਾਵਨਾਵਾਂ ਤੇ ਵਫਾਦਾਰੀ ਨਾਲ ਕੰਮ ਕਰਨ ਵਾਲੇ ਵਰਕਰਾਂ ਨੂੰ ਸਤਿਕਾਰ ਦਿੱਤਾ ਹੈ। ਇਸੇ ਸੋਚ ਅਧੀਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪੰਥਕ ਏਕਤਾ ਦੀ ਲਹਿਰ ਚਲਾਈ ਗਈ ਹੈ ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਇਹ ਵਿਚਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ ਤੇ ਸੀਨੀਅਰ ਅਕਾਲੀ ਆਗੂ ਜਤਿੰਦਰ ਸਿੰਘ ਲਾਲੀ ਬਾਜਵਾ ਨੂੰ ਸੀਨੀਅਰ ਵਾਈਸ ਪ੍ਰਧਾਨ ਦੀ ਨਵੀਂ ਜ਼ਿੰਮੇਵਾਰੀ ਮਿਲਣ ਉਪਰੰਤ ਉਹਨਾਂ ਦੇ ਗ੍ਰਹਿ ਵਿਖੇ ਸਨਮਾਨ ਕਰਨ ਮੌਕੇ ਪ੍ਰਗਟ ਕੀਤੇ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਹੁਣ ਪੰਜਾਬ ਦੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਚੁੱਕਾ ਹੈ ਕਿ ਝੂਠ ਦੇ ਪੈਰ ਨਹੀਂ ਹੁੰਦੇ ਲੋਕ ਜਾਣ ਗਏ ਹਨ ਕਿ ਉਨ੍ਹਾਂ ਨਾਲ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਧੋਖਾ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹਿੱਤ ਸ਼੍ਰੋਮਣੀ ਅਕਾਲੀ ਦਲ ਦੇ ਹੱਥਾਂ 'ਚ ਹੀ ਸੁਰੱਖਿਅਤ ਹਨ। ਉਨ੍ਹਾਂ ਸਮੂਹ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਕਮਰਕੱਸੇ ਕਰ ਲੈਣ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਗ੍ਰਹਿ ਵਿਖੇ ਆਉਣ ਤੇ ਧੰਨਵਾਦ ਕਰਦਿਆਂ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਕਿਹਾ ਕਿ ਪਿਛਲੇ ਸਮੇਂ ਦੌਰਾਨ ਵਿਰੋਧੀ ਧਿਰਾਂ ਵੱਲੋਂ ਝੂਠ ਬੋਲ ਕੇ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕੀਤਾ ਗਿਆ ਸੀ ਪਰ ਹੁਣ ਸੱਚਾਈ ਲੋਕਾਂ ਦੇ ਸਾਹਮਣੇ ਆ ਰਹੀ ਹੈ ਅਤੇ ਪੰਜਾਬ ਦੇ ਲੋਕ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਗਏ ਹਨ ਕਿ ਖੇਤਰੀ ਧਿਰ ਅਕਾਲੀ ਦਲ ਤੋਂ ਬਿਨਾਂ ਹੋਰ ਕੋਈ ਵੀ ਸਿਆਸੀ ਧਿਰ ਪੰਜਾਬ ਦਾ ਭਲਾ ਨਹੀਂ ਸੋਚ ਸਕਦੀ। ਲਾਲੀ ਬਾਜਵਾ ਨੇ ਪਾਰਟੀ ਦੇ ਸਮੂਹ ਵਰਕਰਾਂ ਤੇ ਆਗੂਆਂ ਨੂੰ ਅਪੀਲ ਕੀਤੀ ਕਿ ਝੂਠ ਬੋਲ ਕੇ ਸੱਤਾ 'ਤੇ ਕਾਬਿਜ਼ ਹੋਏ ਲੋਕਾਂ ਦੀ ਸੱਚਾਈ ਸਭ ਦੇ ਸਾਹਮਣੇ ਲਿਆਂਦੀ ਜਾਵੇ। ਇਸ ਬਲਰਾਜ ਸਿੰਘ ਚੌਹਾਨ, ਰਣਧੀਰ ਸਿੰਘ ਭਾਰਜ, ਸਤਵਿੰਦਰ ਸਿੰਘ ਆਹਲੂਵਾਲੀਆ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਦਵਿੰਦਰ ਸਿੰਘ ਬੈਂਸ, ਮਨੀ ਦੀਪ ਸਿੰਘ ਜਹਾਨਖੇਲਾ, ਗੁਰਪ੍ਰੀਤ ਸਿੰਘ ਕੋਹਲੀ, ਕਮਲਜੀਤ ਸਿੰਘ ਸਿੱਧੂ, ਭੋਲਾ ਸਿੱਧੂ ਆਦਿ ਵੀ ਹਾਜ਼ਰ ਸਨ।

ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ ਨੇ ਮੁੱਖ ਮੰਤਰੀ ਲਈ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ (ਰਜਿ:) ਪੰਜਾਬ ਆਫ (ਇੰਡੀਆ) ਵਲੋਂ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਪੰਜਾਬ ਪ੍ਰਧਾਨ ਦੀ ਅਗਵਾਈ ਹੇਠ ਵੱਲੋਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਲਈ ਸ੍ਰੀਮਤੀ ਕੋਮਲ ਮਿੱਤਲ ਆਈ ਏ ਐੱਸ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਰਾਹੀਂ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਜੁਆਇੰਟ ਸਕੱਤਰ ਇੰਡੀਆ ਤਰਸੇਮ ਦੀਵਾਨਾ, ਜਸਵਿੰਦਰ ਸਿੰਘ ਆਜ਼ਾਦ ਚੇਅਰਮੈਨ ਪੰਜਾਬ, ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ ਪੰਜਾਬ, ਅਮਰਜੀਤ ਸਿੰਘ ਜੰਡੂ ਸਿੰਘਾ ਜਨਰਲ ਸਕੱਤਰ ਪੰਜਾਬ, ਮਨਜੀਤ ਸਿੰਘ ਚੀਮਾ ਮੁਕੇਰੀਆਂ ਸੀਨੀਅਰ ਮੀਤ ਪ੍ਰਧਾਨ ਪੰਜਾਬ, ਮੀਤ ਪ੍ਰਧਾਨ ਅਸਵਨੀ ਸ਼ਰਮਾ ਨੇ ਸ਼ਿਰਕਤ ਕੀਤੀ। ਇਸ ਮੰਗ ਪੱਤਰ ਵਿੱਚ ਮੁੱਖ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਗਈ ਕਿ ਪੀਲੇ ਕਾਰਡ ਬਣਾਉਣ ਲਈ ਪੁਲਸ ਕਲੀਅਰੈਂਸ ਸਰਟੀਫਿਕੇਟ ਲੈਣ ਵਾਲੀ ਮੱਦ ਹਟਾਉਣ ਲਈ ਲੋਕ ਸੰਪਰਕ ਵਿਭਾਗ, ਪੰਜਾਬ ਨੂੰ ਨਿਰਦੇਸ਼ ਜਾਰੀ ਕੀਤੇ ਜਾਣ। ਵਿਭਾਗ ਦੇ ਅਧਿਕਾਰੀਆਂ ਦੀਆਂ ਜ਼ੁਬਾਨੀ ਹਦਾਇਤਾਂ ਮੁਤਾਬਿਕ ਘੱਟ ਸਰਕੂਲੇਸ਼ਨ ਦੀ ਸ਼ਰਤ ਹਟਾ ਕੇ ਪੀਲੇ ਕਾਰਡ ਹਰ ਸਟੇਸ਼ਨ ਦੇ ਪੱਤਰਕਾਰ ਦੇ ਬਣਾਏ ਜਾਣ। ਪੀਲੇ ਕਾਰਡ ਧਾਰਕ ਪੱਤਰਕਾਰਾਂ ਲਈ ਮੈਡੀਕਲ ਇੰਸੋਰੈਂਸ ਦੀ ਮੱਦ ਲਾਗੂ ਕਰਨ ਦੇ ਨਾਲ ਨਾਲ ਐਕਸੀਡੈਂਟਲ ਇੰਸੋਰੈਂਸ, ਜਿਸ ਅਧੀਨ ਹਾਦਸੇ ਵਿੱਚ ਪੱਤਰਕਾਰ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ 50 ਲੱਖ ਦਾ ਬੀਮਾ ਕਵਰ ਕੀਤਾ ਜਾਵੇ ਤੇ ਪ੍ਰੀਮੀਅਮ ਭੁਗਤਾਣ ਸਰਕਾਰੀ ਖਜਾਨੇ ਵਿੱਚੋਂ ਕਰਨ ਦਾ ਯੋਗ ਪ੍ਰਬੰਧ ਕੀਤਾ ਜਾਵੇ। ਜਿਲ੍ਹਾ ਪੱਧਰ 'ਤੇ ਪ੍ਰੈਸ ਕਾਨਫਰੰਸਾਂ ਅਤੇ ਦਫਤਰੀ ਕੰਮਾਂ ਲਈ ਦਫਤਰ ਲਈ ਢੁੱਕਵੀਂ ਜਗ੍ਹਾ ਮੁਫਤ ਦਿੱਤੀ ਜਾਵੇ। ਪੰਜਾਬ ਅੰਦਰ ਲਾਡੋਵਾਲ ਟੋਲ ਪਲਾਜਾ ਸਮੇਤ ਸਮੂਹ ਨੈਸ਼ਨਲ ਹਾਈਵੇ 'ਤੇ ਲੱਗੇ ਟੋਲ ਪਲਾਜਿਆਂ 'ਤੇ ਪੱਤਰਕਾਰ ਭਾਈਚਾਰੇ ਨੂੰ ਟੋਲ ਮੁਆਫ ਕਰਨ, ਪੱਤਰਕਾਰਾਂ ਤੇ ਹੋਏ ਕਿਸੇ ਵੀ ਕਿਸਮ ਦੇ ਪਰਚੇ ਕਾਰਨ ਬਣੇ ਹੋਏ ਪੀਲੇ ਕਾਰਡ ਰੱਦ ਨਾ ਕੀਤੇ ਜਾਣ, ਕਿਸੇ ਪੱਤਰਕਾਰ ਖਿਲਾਫ ਪਰਚਾ ਉਦੋਂ ਤੱਕ ਦਰਜ ਨਾ ਕੀਤਾ ਜਾਵੇ, ਜਦੋਂ ਤੱਕ ਪੱਤਰਕਾਰ 'ਤੇ ਲਗਾਏ ਇਲਜਾਮਾਂ ਦੀ ਜਾਂਚ ਵਿੱਚ ਪ੍ਰੋੜਤਾ ਨਹੀਂ ਹੋ ਜਾਂਦੀ। ਇਸ ਸੰਬੰਧੀ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਜਾਂਚ ਕਮੇਟੀ ਬਣਾਈ ਜਾਵੇ, ਜਿਸ ਵਿੱਚ ਡਿਪਟੀ ਕਮਿਸ਼ਨਰ ਦੇ ਨਾਲ ਐਸ ਪੀ ਰੈਂਕ ਦੇ ਅਧਿਕਾਰੀ ਅਤੇ ਸਥਾਨਕ ਡੀ ਪੀ ਆਰ ਓ ਨੂੰ ਵੀ ਮੈਂਬਰ ਲਿਆ ਜਾਵੇ ਵੱਖ ਵੱਖ ਸਰਕਾਰੀ ਵਿਭਾਗਾਂ ਦੇ ਮੁਲਾਜ਼ਮਾਂ

22-MAR-PAGE-10.qxd 3/21/2024 10:47 PM Page 1

ਕਾਵਾਂ ਵਾਲੀ ਪੱਤਣ 'ਤੇ ਦਰਜਨ ਪਿੰਡਾਂ ਦੇ ਲੋਕਾਂ ਵੱਲੋਂ ਇਕੱਠ

■ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਡਾ. ਸ਼ਾਹਰੀ ਨੂੰ ਟਿਕਟ ਦੇਣ ਦੀ ਮੰਗ

ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)-ਫਾਜ਼ਿਲਕਾ ਦੇ ਸਰਹੱਦੀ ਪਿੰਡਾਂ 'ਚ ਪੈਂਦੇ ਕਾਵਾਂ ਵਾਲੀ ਪੱਤਣ 'ਤੇ ਦਰਜਨ ਭਰ ਪਿੰਡਾਂ ਦੇ ਲੋਕਾਂ ਵੱਲੋਂ ਇਕੱਠ ਕੀਤਾ ਗਿਆ।ਇਸ ਦੌਰਾਨ ਲੋਕਾਂ ਵੱਲੋਂ ਆਮ ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤੇ ਨੰਬਰਦਾਰ ਐਸੋਸੀਏਸ਼ਨ ਦੇ ਜ਼ਿਲ੍ਹਾ ਵਾਈਸ ਪ੍ਰਧਾਨ ਡਾ. ਹਰਜੀਤ ਸਿੰਘ ਸ਼ਾਹਰੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਮੌਕੇ ਇਕੱਠੇ ਹੋਏ ਲੋਕਾਂ ਨੇ ਡਾ. ਹਰਜੀਤ ਸਿੰਘ ਸ਼ਾਹਰੀ ਨੂੰ ਆਪਣੀਆਂ ਮੁਸ਼ਕਲਾਂ ਦੱਸੀਆਂ ਤੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਤੋਂ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਟਿਕਟ ਦੇਣ ਦੀ ਮੰਗ ਕੀਤੀ। ਇਸ ਮੌਕੇ ਖੁਸ਼ਹਾਲ ਸਿੰਘ ਗਾਗਨ ਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਕੁਲਵੰਤ ਸਿੰਘ ਘੁਰਕਾ ਜ਼ਿਲ੍ਹਾ ਸੈਕਟਰੀ ਐੱਸ ਸੀ ਵਿੰਗ, ਹਰਮੇਸ਼ ਸਿੰਘ ਸਰਪੰਚ ਝੰਗੜ ਭੈਣੀ, ਚਤਰ ਸਿੰਘ ਸਰਪੰਚ ਸ਼ਮਸ਼ਾਬਾਦ, ਕਾਮਰੇਡ ਸਤਨਾਮ ਸਿੰਘ ਤੇ ਹੋਰਨਾਂ ਨੇ ਕਿਹਾ ਕਿ ਇੱਥੇ ਕਾਵਾਂ ਵਾਲੀ ਪੱਤਣ ਤੇ ਪਿੰਡ ਝੰਗੜ ਭੈਣੀ, ਰੇਤੇਵਾਲ਼ੀ ਭੈਣੀ, ਵੱਲੇ ਸ਼ਾਹ ਹਿਠਾੜ, ਢਾਣੀ ਸੱਦਾ ਸਿੰਘ, ਗੁਲਾਬਾ ਭੈਣੀ, ਗੱਟੀ ਨੰਬਰ ਇੱਕ, ਤੇਜਾ ਰੋਹੇਲਾ, ਮਹਾਤਮ ਨਗਰ, ਰਾਮ ਸਿੰਘ ਭੈਣੀ, ਕਾਂਵਾ ਵਾਲੀ, ਸ਼ਮਸ਼ਾਬਾਦ, ਗਾਗਨ ਕੇ ਤੇ ਕਈ ਪਿੰਡਾਂ ਦੇ ਲੋਕ ਇਕੱਠੇ ਹੋਏ ਹਨ।ਉਨ੍ਹਾਂ ਸਾਰਿਆਂ ਨੇ ਆਮ ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੀਤ ਸਿੰਘ ਸ਼ਾਹਰੀ ਨੂੰ ਟਿਕਟ ਦੇਣ ਦੀ ਮੰਗ ਕੀਤੀ ਹੈ।ਇਸ ਮੌਕੇ ਡਾ. ਹਰਜੀਤ ਸਿੰਘ ਸ਼ਾਹਰੀ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ 'ਚ ਪਿਛਲੇ ਕਾਫੀ ਸਾਲਾਂ ਤੋਂ ਆਪਣੀ ਸੇਵਾ ਨਿਭਾ ਰਹੇ ਹਨ।ਉਨ੍ਹਾਂ ਅੱਜ ਤੱਕ ਪਾਰਟੀ ਤੋਂ ਕਿਸੇ ਕਿਸਮ ਦੇ ਅਹੁਦੇ ਦੀ ਕੋਈ ਮੰਗ ਨਹੀਂ ਕੀਤੀ।ਉਹ ਹਮੇਸ਼ਾ ਹੀ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦਾ ਯਤਨ ਕਰਦੇ ਰਹਿੰਦੇ ਹਨ।ਅੱਗੇ ਵੀ ਉਹ ਇਸੇ ਤਰ੍ਹਾਂ ਹੀ ਆਮ ਲੋਕਾਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਦਾ ਹਰ ਸੰਭਵ ਯਤਨ ਕਰਦੇ ਰਹਿਣਗੇ ਤੇ ਆਪਣੇ ਹਲਕੇ ਦਾ ਵਿਕਾਸ ਕਰਵਾਉਣ 'ਚ ਕੋਈ ਕਸਰ ਨਹੀਂ ਛੱਡਣਗੇ।ਇਸ ਲਈ ਜੇਕਰ ਪਾਰਟੀ ਉਨ੍ਹਾਂ ਨੂੰ ਲੋਕ ਸਭਾ ਹਲਕਾ ਫ਼ਿਰੋਜ਼ਪੁਰ ਤੋਂ ਟਿਕਟ ਦੇ ਕੇ ਸੇਵਾ ਦਾ ਮੌਕਾ ਦਿੰਦੀ ਹੈ ਤਾਂ ਉਹ ਇਲਾਕੇ ਦੇ ਲੋਕਾਂ ਦੇ ਸਹਿਯੋਗ ਨਾਲ ਜਿੱਤ ਹਾਸਲ ਕਰਕੇ ਪਾਰਟੀ ਦੀ ਝੋਲੀ ਵਿੱਚ ਪਾਉਣਗੇ। ਇਸ ਮੌਕੇ ਬੂਟਾ ਸਿੰਘ ਸਾਬਕਾ ਸਰਪੰਚ, ਸ਼ਿੰਦਰ ਸਰਪੰਚ, ਡਾ. ਮੁਖਤਿਆਰ ਸਿੰਘ, ਲਖਵੀਰ ਸਿੰਘ ਪੰਚ, ਲਸ਼ਮਣ ਸਿੰਘ ਪੰਚ, ਦੀਵਾਨ ਸਿੰਘ ਪੰਚ, ਸੁਖਦੇਵ ਸਿੰਘ ਪੰਚ ਨਰਾਇਣ ਸਿੰਘ, ਜਰਨੈਲ ਸਿੰਘ, ਬਚਨੋ ਬਾਈ, ਕਰਤਾਰੋ ਬਾਈ, ਸਰਬਜੀਤ ਕੌਰ, ਸਤਪਾਲ ਸਿੰਘ, ਗੁਰਿੰਦਰਪਾਲ ਸ਼ਾਹਰੀ, ਦਲੀਪ ਸਿੰਘ ਪੰਚ ਤੇ ਹੋਰ ਹਾਜ਼ਰ ਸਨ।

ਡਾ. ਬਲਵੀਰ ਸਿੰਘ ਦੇ ਹੱਕ 'ਚ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ

ਲੋਕ ਸਭਾ ਚੋਣਾਂ 'ਚ ਲੋਕ 'ਆਪ' ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾਉਣਗੇ

ਨਾਭਾ (ਵਰਿੰਦਰ ਵਰਮਾ)

ਪਿਛਲੇ ਦਿਨੀਂ ਆਮ ਆਦਮੀ ਪਾਰਟੀ ਵੱਲੋਂ ਡਾ. ਬਲਵੀਰ ਸਿੰਘ ਸਿਹਤ ਮੰਤਰੀ ਪੰਜਾਬ ਨੂੰ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਹੈ, ਜਿਸ ਨੂੰ ਲੈ ਕੇ ਰੋਟਰੀ ਕਲੱਬ ਨਾਭਾ ਵਿਖੇ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਪਹਿਲੀ ਮੀਟਿੰਗ ਕੀਤੀ ਗਈ, ਜਿਸ ਨੇ ਰੈਲੀ ਦਾ ਰੂਪ ਧਾਰਨ ਕੀਤਾ। ਇਸ ਰੈਲੀ ਨੂੰ ਰਮੇਸ਼ ਕੁਮਾਰ ਸਿੰਗਲਾ ਸਾਬਕਾ ਵਿਧਾਇਕ, ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਚੇਅਰਮੈਨ, ਗੁਰਦੀਪ ਸਿੰਘ ਦੀਪਾ ਰਾਮਗੜ੍ਹ ਚੇਅਰਮੈਨ, ਸੁਰਿੰਦਰਪਾਲ ਸ਼ਰਮਾ ਚੇਅਰਮੈਨ, ਸੁਜਾਤਾ ਚਾਵਲਾ ਪ੍ਰਧਾਨ ਨਗਰ ਕੌਂਸਲ, ਕਰਮਜੀਤ ਸਿੰਘ ਅਲਹੋਰਾਂ ਪ੍ਰਧਾਨ ਅਨਾਜ ਮੰਡੀ ਨਾਭਾ ਤੇ ਹੋਰ ਆਹੁਦੇਦਾਰਾਂ ਨੇ ਸੰਬੋਧਨ ਕੀਤਾ। ਉਨ੍ਹਾ ਕਿਹਾ ਕਿ ਅਸੀਂ ਸਾਰੇ ਇੱਕਜੁੱਟ ਹੋ ਕੇ ਇਲੈਕਸ਼ਨ ਲੜਾਂਗੇ ਤੇ ਨਾਭੇ ਹਲਕੇ ਵਿੱਚੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਾਂਗੇ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਬਲਵੀਰ ਸਿੰਘ ਤੇ ਵਿਧਾਇਕ ਦੇਵ ਮਾਨ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੀ ਗਿਣਤੀ ਵਿੱਚ ਜਿਤਾਉਣਗੇ।

ਉਨ੍ਹਾ ਕਿਹਾ ਕਿ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਵਿੱਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਵਾਏ ਹਨ ਤੇ ਹਰ ਇੱਕ ਵਰਗ ਲਈ ਲੋਕ ਭਲਾਈ ਦੀਆਂ ਸਕੀਮਾਂ ਚਲਾਈਆਂ ਹਨ, ਜਿਸ ਨੂੰ ਦੇਖਦੇ ਹੋਏ ਲੋਕ ਆਉਣ ਵਾਲੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਦਾ ਸਾਥ ਦੇਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੀਪ ਸਿੰਘ ਟਿਵਾਣਾ, ਤੇਜਿੰਦਰ ਸਿੰਘ ਖਹਿਰਾ, ਰਜਿੰਦਰ ਸਿੰਘ ਮੋਹਲ, ਸੁਖਵਿੰਦਰ ਸਿੰਘ ਦੁਲੱਦੀ, ਗੁਰਦੀਪ ਕੌਰ ਕੱਲਰ ਮਾਜਰੀ, ਕਮਲ ਭਾਦਸੋਂ, ਸੁਖਜਿੰਦਰ ਸਿੰਘ ਟੌਹੜਾ ਮੇਜਰ ਸਿੰਘ ਤੁੰਗਾ, ਅਵਤਾਰ ਸਿੰਘ ਟੌਹੜਾ, ਭਲਿੰਦਰ ਸਿੰਘ ਭੋਲਾ ਮਾਨ, ਰੁਪਿੰਦਰ ਸਿੰਘ ਭਾਦਸੋਂ, ਡਾ. ਸੁਖਦੇਵ ਸਿੰਘ ਸੰਧੂ, ਗੋਨਾ ਗਰਗ, ਸੂਬੇਦਾਰ ਗੁਰਿੰਦਰ ਸਿੰਘ, ਧਰਮਿੰਦਰ ਸਿੰਘ ਸੁੱਖੇਵਾਲ, ਭੁਪਿੰਦਰ ਸਿੰਘ ਕੱਲਰ ਮਾਜਰੀ, ਨਿਰਭੈ ਸਿੰਘ ਆਦਿ ਵਰਕਰ ਤੇ ਆਗੂ ਹਾਜ਼ਰ ਸਨ।

ਮਾਨਸ਼ਾਹੀਆ ਨੂੰ ਕਿਸਾਨ ਵਿੰਗ ਦਾ ਕੋਆਰਡੀਨੇਟਰ ਬਣਾਏ ਜਾਣ ਦੀ ਖੁਸ਼ੀ 'ਚ ਲੱਡੂ ਵੰਡੇ

ਮਾਨਸਾ (ਆਤਮਾ ਸਿੰਘ ਪਮਾਰ)-ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਨੂੰ ਆਲ ਇੰਡੀਆ ਕਾਂਗਰਸ ਕਿਸਾਨ ਸੈੱਲ ਦਾ ਨੈਸ਼ਨਲ ਕੋਆਰਡੀਨੇਟਰ ਬਣਾਏ ਜਾਣ 'ਤੇ ਲੋਕਾਂ ਵਿੱਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸਮਾਜ ਸੇਵੀ, ਮਿਹਨਤੀ ਤੇ ਇਮਾਨਦਾਰ ਸ੍ਰ. ਮਾਨਸ਼ਾਹੀਆ ਨੂੰ ਆਲ ਇੰਡੀਆ ਕਾਂਗਰਸ ਕਿਸਾਨ ਸੈੱਲ ਦੇ ਕੁਆਰਡੀਨੇਟਰ ਨਿਯੁਕਤ ਕਰਨ 'ਤੇ ਲੋਕਾਂ ਨੇ ਕਾਂਗਰਸ ਹਾਈ ਕਮਾਨ ਦਾ ਧੰਨਵਾਦ ਕੀਤਾ ਤੇ ਵੱਖ-ਵੱਖ ਪਿੰਡਾਂ ਭਾਈ ਦੇਸਾ, ਭੈਣੀ ਬਾਘਾ, ਸਮਾਓਂ ਤੇ ਭੀਖੀ ਦੇ ਵਰਕਰਾਂ ਤੇ ਆਮ ਲੋਕਾਂ ਵੱਲੋਂ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਗਿਆ। ਲੱਡੂ ਵੰਡਣ ਸਮੇਂ ਰਾਜ ਸਿੰਘ ਬਾਸਕਿਟਬਾਲ ਕੋਚ ਭੈਣੀ ਬਾਘਾ, ਸਰਸਪਿੰਦਰ ਸਿੰਘ ਕਾਲਾ ਜਥੇਦਾਰ, ਗੁਰਵਿੰਦਰ ਸਿੰਘ ਪੀਤੀ ਜਥੇਦਾਰ, ਲਵਪ੍ਰੀਤ, ਬਲਜਿੰਦਰ ਸਿੰਘ, ਹਰਪਾਲ ਸਿੰਘ ਪਾਲੀ ਭਾਈ ਦੇਸਾ, ਗੁਰਮੇਜ ਸਮਾਓਂ, ਪ੍ਰਗਟ ਸਿੰਘ ਸਮਾਓਂ, ਧਨਜੀਤ ਭੀਖੀ, ਵਿਨੋਦ ਸਿੰਗਲਾ, ਸਤਪਾਲ ਮੱਤੀ, ਬਾਸਕਿਟਬਾਲ ਖਿਡਾਰੀ ਤੇ ਖਿਡਾਰਨਾਂ ਮੌਜੂਦ ਸਨ।

ਚੇਅਰਮੈਨ ਫੱਤਣਵਾਲਾ ਵੱਲੋਂ ਰਣਜੀਤ ਢਿੱਲੋਂ ਨਾਲ ਦੁੱਖ ਸਾਂਝਾ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)-ਪੰਜਾਬ ਐਗਰੋ ਫੂਡ ਗ੍ਰੋਨਜ਼ ਕਾਰਪੋਰੇਸ਼ਨ ਦੇ ਚੇਅਰਮੈਨ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਜਗਦੀਪ ਸਿੰਘ ਸੰਧੂ ਫੱਤਣਵਾਲਾ ਦੇ ਗ੍ਰਹਿ ਸ੍ਰੀ ਮੁਕਤਸਰ ਸਾਹਿਬ ਵਿਖੇ ਪਹੁੰਚ ਕੇ ਸੀਨੀਅਰ ਪੱਤਰਕਾਰ ਰਣਜੀਤ ਸਿੰਘ ਢਿੱਲੋਂ ਦੇ ਮਾਤਾ ਬਚਨ ਕੌਰ ਢਿੱਲੋਂ ਧਰਮ ਪਤਨੀ ਸਵ: ਬੋਹੜ ਸਿੰਘ ਢਿੱਲੋਂ ਰਿਟਾ: ਇੰਸਪੈਕਟਰ ਪੰਜਾਬ ਰੋਡਵੇਜ਼ ਸ੍ਰੀ ਮੁਕਤਸਰ ਸਾਹਿਬ ਦੇ ਸਦੀਵੀ ਵਿਛੋੜੇ 'ਤੇ ਉਨ੍ਹਾ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾ ਕਿਹਾ ਕਿ ਹੱਥੀਂ ਕੰਮਕਾਜ ਕਾਰਨ ਤੇ ਚੰਗੀਆਂ ਖੁਰਾਕਾਂ ਕਾਰਨ ਬਜ਼ੁਰਗ ਸਰੀਰਕ ਤੌਰ 'ਤੇ ਤੰਦਰੁਸਤ ਰਹਿੰਦੇ ਸਨ। ਉਨ੍ਹਾ ਕਿਹਾ ਕਿ ਹੁਣ ਦੇ ਸਮੇਂ ਵਿੱਚ ਭਿਆਨਕ ਬਿਮਾਰੀਆਂ ਦਾ ਹੋ ਰਿਹਾ ਵਾਧਾ ਬਹੁਤ ਚਿੰਤਾਜਨਕ ਹੈ ਤੇ ਨੌਜਵਾਨ ਵੀ ਬਿਮਾਰੀਆਂ ਦੀ ਲਪੇਟ ਵਿੱਚ ਆ ਰਹੇ ਹਨ। ਇਸ ਮੌਕੇ ਬਲਜਿੰਦਰ ਸਿੰਘ, ਰਛਪਾਲ ਸਿੰਘ ਫੱਤਣਵਾਲਾ ਆਦਿ ਹਾਜ਼ਰ ਸਨ।

'ਆਪ' ਉਮੀਦਵਾਰ ਕਰਮਜੀਤ ਅਨਮੋਲ ਵੱਲੋਂ ਵਰਕਰਾਂ ਨਾਲ ਮੀਟਿੰਗ

ਮੋਗਾ (ਇਕਬਾਲ ਸਿੰਘ ਖਹਿਰਾ)-ਲੋਕ ਸਭਾ ਹਲਕਾ ਫਰੀਦਕੋਟ ਤੋਂ ਟਿਕਟ ਮਿਲਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਦੀ ਅਗਵਾਈ 'ਚ ਮੋਗਾ ਦੇ ਚੌਖਾ ਇੰਪਾਇਰ ਵਿਖੇ ਵਰਕਰਾਂ ਨਾਲ ਮੀਟਿੰਗ ਕੀਤੀ।

ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ, ਮੇਅਰ ਬਲਜੀਤ ਸਿੰਘ ਚਾਨੀ, ਜਸਕੀਰਤ ਕੌਰ ਮਾਨ, ਐਡਵੋਕੇਟ ਵਰਿੰਦਰ ਸਿੰਘ ਰੱਤੀਆਂ, ਦੀਪ ਦਾਰਾਪੁਰ, ਸੰਜੇ ਸ਼ਰਮਾ, ਗੌਰਵ ਗਰਗ ਆਦਿ ਵਲੰਟੀਅਰ ਤੇ ਅਹੁਦੇਦਾਰਾਂ ਨੇ ਉਮੀਦਵਾਰ ਕਰਮਜੀਤ ਅਨਮੋਲ ਦਾ ਸਿਰੋਪਾਓ ਪਾ ਕੇ ਸਵਾਗਤ ਕੀਤਾ। ਇਸ ਮੌਕੇ 'ਆਪ' ਉਮੀਦਵਾਰ ਕਰਮਜੀਤ ਅਨਮੋਲ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਉਹ ਹਲਕਾ ਫ਼ਰੀਦਕੋਟ ਲੋਕ ਸਭਾ ਹਲਕੇ ਦੇ ਸਮੂਹ ਵੋਟਰਾਂ ਤੇ ਹਲਕਾ ਵਾਸੀਆਂ ਦੇ ਭਰੋਸੇ ਨੂੰ ਟੁੱਟਣ ਨਹੀਂ ਦੇਣਗੇ, ਸਗੋਂ ਫ਼ਰੀਦਕੋਟ ਲੋਕ ਸਭਾ ਦੀਆਂ ਸਮੱਸਿਆਵਾਂ ਨੂੰ ਚੋਣਾਂ ਨੂੰ ਜਿੱਤ ਤੋਂ ਬਾਅਦ ਲੋਕ ਸਭਾ 'ਚ ਉਜਾਗਰ ਕਰਨਗੇ।

ਉਨ੍ਹਾ ਇਸ ਸਨਮਾਨ ਲਈ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਧਰਮਕੋਟ ਦਵਿੰਦਰਜੀਤ ਸਿੰਘ ਲਾਡੀ ਢੋਸ, ਅਧਿਕਾਰੀਆਂ ਤੇ ਵਲੰਟੀਅਰਾਂ ਦਾ ਧੰਨਵਾਦ ਕੀਤਾ।

ਸ਼ਹੀਦੀ ਦਿਨ ਨੂੰ ਸਮਰਪਤ ਖ਼ੂਨਦਾਨ ਕੈਂਪ ਤੇ ਨਾਟਕ ਭਲਕੇ

ਧੂਰੀ (ਸੁਖਦੇਵ ਧੂਰੀ, ਬਿੰਨੀ ਗਰਗ, ਰਾਜੇਸ਼ਵਰ ਪਿੰਟੂ)-ਸ਼ਹੀਦ ਭਗਤ ਸਿੰਘ ਸੋਸ਼ਲ ਐਂਡ ਵੈੱਲਫੇਅਰ ਸੁਸਾਇਟੀ ਪਿੰਡ ਬਮਾਲ ਵੱਲੋਂ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ ਨੂੰ ਸਮਰਪਤ ਖ਼ੂਨਦਾਨ ਕੈਂਪ ਧੂਰੀ ਦੀ ਨਾਮੀ ਸੰਸਥਾ ਪਰਵਿਰਤਨ ਦੇ ਸਹਿਯੋਗ ਨਾਲ ਲਗਵਾਇਆ ਜਾ ਰਿਹਾ ਹੈ।ਇਸ ਮੌਕੇ ਨਾਟਕਾਂ ਦਾ ਮੰਚਨ ਵੀ ਕਰਵਾਇਆ ਜਾ ਰਿਹਾ ਹੈ।ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਹਰਵਿੰਦਰ ਸਿੰਘ, ਸਕੱਤਰ ਸੁਖਦੇਵ ਸਿੰਘ ਬਮਾਲ ਤੇ ਸੁਸਾਇਟੀ ਦੇ ਕੈਸ਼ੀਅਰ ਮਾਸਟਰ ਮਿਸਰਾ ਸਿੰਘ ਬਮਾਲ ਨੇ ਦੱਸਿਆ ਕਿ ਖ਼ੂਨਦਾਨ ਕੈਂਪ ਗੁਰਦੁਆਰਾ ਸੰਗਤਸਰ ਸਾਹਿਬ ਪਿੰਡ ਬਮਾਲ ਵਿਖੇ ਸਵੇਰੇ 9.00 ਵਜੇ ਤੋਂ ਦੁਪਹਿਰ 2 ਵਜੇ ਤੱਕ ਲਗਾਇਆ ਜਾ ਰਿਹਾ ਹੈ।ਉਨ੍ਹਾ ਦੱਸਿਆ ਕਿ ਬੇਸ਼ੱਕ ਵਿਗਿਆਨ ਨੇ ਬਹੁਤ ਤਰੱਕੀ ਕੀਤੀ ਹੈ, ਪਰ ਖ਼ੂਨ ਅਜੇ ਤੱਕ ਪ੍ਰਯੋਗਸ਼ਾਲਾ ਵਿੱਚ ਨਹੀਂ ਬਣਾਇਆ ਜਾ ਸਕਿਆ।ਇਸ ਲਈ ਉਨ੍ਹਾਂ ਨੇ ਖ਼ੂਨਦਾਨੀਆਂ ਨੂੰ ਇਸ ਸ਼ੁਭ ਕਾਰਜ ਵਿੱਚ ਆਪਣਾ ਯੋਗਦਾਨ ਪਾਉਣ ਦੀ ਅਪੀਲ ਕੀਤੀ।ਇਸ ਉਪਰੰਤ ਦੁਪਹਿਰ 3.00 ਵਜੇ ਉੱਘੇ ਲੋਕ ਕਲਾ ਮੰਚ ਮੁੱਲਾਂਪੁਰ ਦੀ ਨਾਟਕ ਟੀਮ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਨਾਟਕ 'ਪਰਿੰਦੇ ਭਟਕ ਗਏ', 'ਵਿਦਰੋਹੀ' ਤੇ ਕੋਰਿਓਗ੍ਰਾਫੀ ਪੇਸ਼ ਕਰੇਗੀ।ਇਸ ਮੌਕੇ ਸੰਸਥਾ ਪਰਵਿਰਤਨ ਦੇ ਸਰਗਰਮ ਕਾਰਕੁਨ ਸੁੰਦਰ ਲਾਲ ਸ਼ਰਮਾ ਨੂੰ 127ਵੀਂ ਵਾਰ ਖ਼ੂਨ ਦਾਨ ਕਰਨ 'ਤੇ ਸਨਮਾਨਤ ਕੀਤਾ ਜਾਵੇਗਾ।ਇਸ ਮੌਕੇ ਗੁਰਪ੍ਰੀਤ ਸਿੰਘ ਰਣੀਕੇ, ਅਮਨਿੰਦਰ ਸਿੰਘ ਨੀਰੂ, ਕੁਲਵੰਤ ਸਿੰਘ ਕਾਲਾ, ਅਮਰੀਕ ਦਾਸ, ਕੁਲਦੀਪ ਕੁਮਾਰ ਗੁਰਸੇਵਕ ਦਾਸ ਹਾਜ਼ਰ ਸਨ।

ਸਾਲਾਨਾ ਸ਼ਹੀਦੀ ਜੋੜ ਮੇਲੇ 'ਤੇ ਪਹੁੰਚੀਆਂ ਸੰਗਤਾਂ ਦਾ ਕੀਤਾ ਧੰਨਵਾਦ

ਬਾਘਾ ਪੁਰਾਣਾ (ਮਨੀ ਸਿੰਗਲਾ)-ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਣ ਸੱਖ ਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਚੰਦ ਪੁਰਾਣਾ ਬਥੂਹੇ ਵਾਲੇ ਜਿੱਥੇ ਹਰ ਸਾਲ ਦੀ ਤਰ੍ਹਾਂ ਮਨਾਏ ਜਾਂਦੇ ਸਲਾਨਾ ਸ਼ਹੀਦੀ ਜੋੜ ਮੇਲੇ ਵਿੱਚ ਦੇਸਾਂ ਵਿਦੇਸ਼ਾਂ ਅਤੇ ਵੱਖ-ਵੱਖ ਸੂਬਿਆਂ ਤੋਂ ਆਈ ਸੰਗਤਾਂ ਦਾ ਧੰਨਵਾਦ ਕਰਦਿਆਂ ਇਸ ਅਸਥਾਨ ਦੇ ਮੁੱਖ ਸੇਵਾਦਾਰ ਸਮਾਜ ਸੇਵੀ ਸੰਤ ਬਾਬਾ ਗੁਰਦੀਪ ਸਿੰਘ ਨੇ ਕਿਹਾ ਕਿ ਲੱਖਾਂ ਦੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਤੇ ਵੱਖ-ਵੱਖ ਪਿੰਡਾਂ ਦੀਆਂ ਸੰਗਤਾਂ, ਨੌਜਵਾਨਾਂ ਵੱਲੋਂ ਛਬੀਲਾਂ, ਜਲੇਬੀਆਂ, ਖੀਰ, ਪਕੌੜਿਆਂ ਤੇ ਹੋਰ ਵੱਖ-ਵੱਖ ਤਰ੍ਹਾਂ ਦੇ ਪਦਾਰਥਾਂ ਦੇ ਲਗਾਏ ਲੰਗਰ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਸਮਾਗਮ ਵਿੱਚ ਵੱਖ-ਵੱਖ ਥਾਵਾਂ 'ਤੇ ਡਿਊਟੀਆਂ ਲਾਈਆਂ, ਕਿਉਂਕਿ ਸੰਗਤ ਦੀ ਸੇਵਾ ਕਰਨ ਨਾਲ ਜੀਵ ਨੂੰ ਹਰ ਪ੍ਰਕਾਰ ਦੀ ਖੁਸ਼ੀ ਮਿਲਦੀ ਹੈ ਤੇ ਸਾਨੂੰ ਇਹੋ ਜਿਹੇ ਜੋੜ ਮੇਲਿਆਂ 'ਤੇ ਵੱਡੀ ਗਿਣਤੀ ਵਿੱਚ ਹਾਜ਼ਰੀਆਂ ਭਰ ਕੇ ਜੀਵਨ ਸਫਲ ਕਰਨਾ ਚਾਹੀਦਾ ਹੈ।ਬਾਬਾ ਜੀ ਨੇ ਵਿਦੇਸ਼ਾਂ ਤੋਂ ਪਹੁੰਚੇ ਐੱਨ.ਆਰ.ਆਈ. ਵੀਰਾਂ ਦਾ ਵੀ ਬਹੁਤ ਧੰਨਵਾਦ ਕੀਤਾ।

22-March-PAGE-11-Majha-24.qxd 3/21/2024 10:56 PM Page 1

ਆਗਾਮੀ ਲੋਕ ਸਭਾ ਚੋਣਾਂ 'ਚ ਆਪ ਉਮੀਦਵਾਰਾਂ ਦਾ ਵਿਰੋਧ ਕਰਨਗੇ ਪੰਜਾਬ ਦੇ ਬਿਜਲੀ ਕਾਮੇ : ਮਜਾਰੀ / ਗੰਡੀਵਿੰਡ

ਪਟਿਆਲਾ : ਬਿਜਲੀ ਕਾਮਿਆਂ ਦੀਆਂ ਵੱਖ-ਵੱਖ ਜਥੇਬੰਦੀਆਂ 'ਤੇ ਅਧਾਰਤ ਬਣੇ ਪੀ ਐਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ ਅਤੇ ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ ਦੇ ਸੱਦੇ 'ਤੇ ਬਿਜਲੀ ਮੁਲਾਜ਼ਮ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਡਟਵਾਂ ਵਿਰੋਧ ਕਰਨਗੇ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦੇਂਦਿਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਦੱਸਿਆ ਕਿ ਬਿਜਲੀ ਮੰਤਰੀ ਵੱਲੋਂ ਮੁਲਾਜ਼ਮ ਮਸਲਿਆਂ ਦੇ ਨਿਪਟਾਰੇ ਸਬੰਧੀ ਸਾਂਝਾ ਫੋਰਮ ਅਤੇ ਏਕਤਾ ਮੰਚ ਨਾਲ 5 ਮਾਰਚ ਦੀ ਮੀਟਿੰਗ ਤੈਅ ਕਰਨ ਦੇ ਬਾਵਜੂਦ ਮੀਟਿੰਗ ਨਹੀਂ ਕੀਤੀ। ਫਿਰ ਬਿਜਲੀ ਕਾਮਿਆਂ ਦੇ ਸੰਘਰਸ਼ ਦੇ ਦਬਾਅ ਹੇਠ 15 ਮਾਰਚ ਦੀ ਮੀਟਿੰਗ ਤੈਅ ਕੀਤੀ ਗਈ ਜੋ ਬਿਨਾਂ ਕਿਸੇ ਖਾਸ ਕਾਰਨ ਦੇ ਰੱਦ ਕਰਕੇ ਟਾਲ ਮਟੋਲ ਦੀ ਨੀਤੀ ਤਹਿਤ ਫਿਰ ਤੋਂ 19 ਮਾਰਚ ਦੀ ਮੀਟਿੰਗ ਤੈਅ ਕਰ ਦਿੱਤੀ ਪਰ ਅਫਸੋਸ ਦੀ ਗੱਲ ਹੈ ਕੇ ਪੰਜਾਬ ਦੇ ਦੂਰ ਦੁਰਾਡੇ ਏਰੀਏ ਤੋਂ ਲੀਡਰਸ਼ਿਪ ਨੂੰ ਚੰਡੀਗੜ੍ਹ ਬੁਲਾ ਕੇ ਬਿਜਲੀ ਮੰਤਰੀ ਮੀਟਿੰਗ ਕਰਨ ਤੋਂ ਮੁਨਕਰ ਹੋ ਗਏ। ਬਿਜਲੀ ਮੰਤਰੀ ਅਤੇ ਪਾਵਰ ਮੈਨੇਜਮੈਂਟ ਦੇ ਗੈਰ ਜ਼ਿੰਮੇਵਾਰਾਨਾ ਰਵੱਈਏ ਖਿਲਾਫ਼ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਕਰਕੇ ਪੰਜਾਬ ਦੇ ਸਮੁੱਚੇ ਸਰਕਲਾਂ ਵਿੱਚ 27 ਮਾਰਚ ਤੋਂ 5 ਅਪਰੈਲ ਤੱਕ ਮੁਲਾਜ਼ਮ ਕਨਵੈਨਸ਼ਨਾਂ ਕਰਕੇ ਵੱਡੇ ਪੱਧਰ 'ਤੇ ਲਾਮਬੰਦੀ ਕਰਨ ਉਪਰੰਤ ਆਗਾਮੀ ਲੋਕ ਸਭਾ ਚੋਣਾਂ ਸਮੇਂ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਖਿਲਾਫ਼ ਸਾਰੇ 13 ਲੋਕ ਸਭਾ ਹਲਕਿਆਂ ਵਿੱਚ ਝੰਡਾ ਮਾਰਚ ਕਰਕੇ ਪਿੰਡਾਂ / ਕਸਬਿਆਂ ਅਤੇ ਸ਼ਹਿਰਾਂ ਵਿੱਚ ਵਿਰੋਧ ਪ੍ਰਦਰਸ਼ਨ ਕਰਨ ਦਾ ਫੈਸਲਾ ਕੀਤਾ ਹੈ।ਮੁਲਾਜ਼ਮ ਆਗੂਆਂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਬਲਦੇਵ ਸਿੰਘ ਮੰਡਾਲੀ, ਦਵਿੰਦਰ ਸਿੰਘ ਪਿਸ਼ੌਰ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ, ਕੁਲਵਿੰਦਰ ਸਿੰਘ ਢਿੱਲੋਂ, ਸੁਰਿੰਦਰਪਾਲ ਲਹੌਰੀਆ, ਸੁਖਵਿੰਦਰ ਸਿੰਘ ਚਾਹਲ, ਜਰਨੈਲ ਸਿੰਘ , ਜਗਜੀਤ ਸਿੰਘ ਕੋਟਲੀ , ਕੌਰ ਸਿੰਘ ਸੋਹੀ, ਗੁਰਤੇਜ ਸਿੰਘ ਪੱਖੋ, ਗੁਰਪਿਆਰ ਸਿੰਘ, ਜਸਵਿੰਦਰ ਸਿੰਘ , ਲਖਵਿੰਦਰ ਸਿੰਘ , ਰਘਵੀਰ ਸਿੰਘ, ਇੰਦਰਜੀਤ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਦੁੱਮਣਾ, ਪੂਰਨ ਸਿੰਘ ਖਾਈ, ਬਲਜੀਤ ਸਿੰਘ ਬਰਾੜ ਆਦਿ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਅਦਾਰੇ ਦਾ ਮਾਹੌਲ ਖਰਾਬ ਕਰ ਰਹੀ ਹੈ। ਕਿਉਂਕਿ ਸਾਂਝਾ ਫੋਰਮ ਅਤੇ ਏਕਤਾ ਮੰਚ ਦੀ ਲੀਡਰਸ਼ਿਪ ਨੇ 29 ਜਨਵਰੀ ਨੂੰ ਪਾਵਰ ਮੈਨੇਜਮੈਂਟ ਨੂੰ ਮੁਲਾਜ਼ਮ ਮੰਗਾਂ ਦਾ 40 ਨੁਕਾਤੀ ਮੰਗ ਪੱਤਰ ਪੇਸ਼ ਕਰਕੇ ਟੇਬਲ ਤੇ ਬੈਠ ਕੇ ਗੱਲਬਾਤ ਰਾਹੀਂ ਮਸਲਿਆਂ ਦਾ ਹੱਲ ਕਰਨ ਦੀ ਮੰਗ ਕੀਤੀ ਸੀ ਪਰ ਮੈਨੇਜਮੈਂਟ ਨੇ ਮੁਲਾਜ਼ਮ ਮਸਲਿਆਂ 'ਤੇ ਚਰਚਾ ਕਰਨ ਵਿੱਚ ਕਿਸੇ ਕਿਸਮ ਦੀ ਦਿਲਚਸਪੀ ਨਹੀਂ ਵਿਖਾਈ। ਜਿਸ ਦੇ ਵਿਰੋਧ ਵਜੋਂ ਸਾਂਝਾ ਫੋਰਮ ਤੇ ਏਕਤਾ ਮੰਚ ਦੇ ਝੰਡੇ ਹੇਠ ਬਿਜਲੀ ਕਾਮੇ 9 ਫਰਵਰੀ ਤੋਂ ਲਗਾਤਾਰ ਸੰਘਰਸ਼ ਕਰ ਰਹੇ ਹਨ ਪਰ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਸਾਰੇ ਮਸਲਿਆਂ ਨੂੰ ਲਗਾਤਾਰ ਅਣਗੌਲਿਆਂ ਕਰ ਰਹੀ ਹੈ। ਆਗੂਆਂ ਦੱਸਿਆ ਕਿ ਸੋਧੇ ਸਕੇਲਾਂ ਦੇ ਬਕਾਏ, 295/19 ਵਾਲੇ ਸਹਾਇਕ ਲਾਈਨਮੈਨਾਂ ਦਾ ਮਸਲਾ, ਸੀ ਆਰ ਏ 293, 294, 295, 296 ਰਾਹੀਂ ਭਰਤੀ ਕਰਮਚਾਰੀਆਂ ਦਾ ਮਸਲਾ, 17-07-20 ਤੋਂ ਬਾਅਦ ਭਰਤੀ/ਪ੍ਰਮੋਟ ਹੋਏ ਕਰਮਚਾਰੀਆਂ ਦਾ ਤਨਖਾਹ ਸਕੇਲਾਂ ਦਾ ਮਸਲਾ, ਓ ਸੀ ਕਰਮਚਾਰੀਆਂ ਦਾ ਪੇ ਬੈਂਡ ਦਾ ਮਸਲਾ, ਆਰ ਟੀ ਐਮ ਕਰਮਚਾਰੀਆਂ ਦੀ ਤਰੱਕੀ ਦਾ ਮਸਲਾ, ਸੇਵਾ ਮੁਕਤ ਹੋ ਚੁੱਕੇ ਕਰਮਚਾਰੀਆਂ ਦੇ ਸੇਵਾ ਲਾਭ ਗਰੈਚੂਟੀ ਆਦਿ ਜਾਰੀ ਕਰਨ ਦਾ ਮਸਲਾ,ਪੁਰਾਣੀ ਪੈਨਸ਼ਨ ਦੀ ਬਹਾਲੀ, ਕੰਟਰੈਕਟ ਕਾਮਿਆਂ ਨੂੰ ਪੱਕੇ ਕਰਨ ਦਾ ਮਸਲਾ ਪਿਛਲੇ ਲੰਮੇ ਸਮੇਂ ਤੋਂ ਲੰਬਿਤ ਹਨ। ਅਦਾਰੇ ਵਿੱਚ ਹਜ਼ਾਰਾਂ ਪੋਸਟਾਂ ਖਾਲੀ ਹਨ ਪਰ ਨਵੀਂ ਭਰਤੀ ਨਹੀਂ ਕੀਤੀ ਜਾ ਰਹੀ । ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਮੁਲਾਜ਼ਮਾਂ ਦੇ ਜਾਇਜ਼ ਮਸਲੇ ਹੱਲ ਕਰਨ ਦੀ ਬਜਾਏ ਮੈਨੇਜਮੈਂਟ ਹਰੇਕ ਦਿਨ ਮੁਲਾਜ਼ਮ ਵਿਰੋਧੀ ਪੱਤਰ ਜਾਰੀ ਕਰ ਰਹੀ ਹੈ। ਮੁਲਾਜ਼ਮ ਆਗੂਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਨੇ ਮੁਲਾਜ਼ਮ ਵਿਰੋਧੀ ਰਵੱਈਆ ਨਾ ਬਦਲਿਆ ਤਾਂ ਲੋਕ ਸਭਾ ਚੋਣਾਂ ਤੋਂ ਬਾਅਦ ਗਰਮੀ ਦੇ ਮੌਸਮ ਵਿੱਚ ਪੈਡੀ ਸੀਜ਼ਨ ਦੌਰਾਨ ਸੰਘਰਸ਼ ਜਾਰੀ ਰੱਖਿਆ ਜਾਵੇਗਾ ।

ਪੈਨਸ਼ਨ ਕੇਸ ਪਾਸ ਕਰਵਾਉਣ ਬਦਲੇ ਰਿਸ਼ਵਤ ਲੈਂਦਾ ਸਹਾਇਕ ਖਜ਼ਾਨਾ ਅਫਸਰ ਗ੍ਰਿਫ਼ਤਾਰ

ਅੰਮ੍ਰਿਤਸਰ : ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਤਹਿਤ ਵੀਰਵਾਰ ਨੂੰ ਮੁਨੀਸ਼ ਕੁਮਾਰ, ਸਹਾਇਕ ਖਜ਼ਾਨਾ ਅਫਸਰ (ਏ.ਟੀ.ਓ), ਅੰਮ੍ਰਿਤਸਰ ਨੂੰ ਇੱਕ ਪੈਨਸ਼ਨ ਕੇਸ ਪਾਸ ਕਰਨ ਦੇ ਇਵਜ਼ 'ਚ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਨਰੇਸ਼ ਡੋਗਰਾ ਵਾਸੀ ਬਜ਼ਾਰ ਨਰਸਿੰਘ, ਅੰਮ੍ਰਿਤਸਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਅਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਕਤ ਮੁਲਜ਼ਮ ਏ.ਟੀ.ਓ. ਉਸ ਦਾ ਪੈਨਸ਼ਨ ਕੇਸ ਪਾਸ ਕਰਾਉਣ ਲਈ 20,000 ਰੁਪਏ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਵੱਲੋਂ ਟਰੈਪ ਲਗਾ ਕੇ ਦੋਸ਼ੀ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਬੁਲਾਰੇ ਨੇ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਅਗਲੇਰੀ ਕਾਰਵਾਈ ਜਾਰੀ ਹੈ।

ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਬਲਾਕ ਦੀਨਾਨਗਰ ਦੀ ਚੋਣ 23 ਨੂੰ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਆਗੂਆਂ ਦੀ ਇਕੱਤਰਤਾ ਦੌਰਾਨ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਅਤੇ ਕੰਮ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਸਬੰਧੀ ਵਿਸਥਾਰ ਸਹਿਤ ਵਿਚਾਰ ਚਰਚਾ ਹੋਈ, ਜਿਸ ਦੌਰਾਨ ਸਭਾ ਦੀਆਂ ਚੋਣਾਂ 'ਤੇ ਵੀ ਨਜ਼ਰਸਾਨੀ ਕੀਤੀ ਗਈ। ਵਿਚਾਰ ਚਰਚਾ ਤੋਂ ਮਗਰੋਂ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੀ ਚੋਣ 23 ਮਾਰਚ ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ । ਪ੍ਰੈਸ ਨੂੰ ਜਾਰੀ ਬਿਆਨ ਵਿੱਚ ਜਾਣਕਾਰੀ ਦਿੱਤੀ ਗਈ ਕਿ ਇਹ ਚੋਣ 23 ਮਾਰਚ ਨੂੰ 11-00 ਵਜੇ ਸਵੇਰੇ ਅੱਗਰਵਾਲ ਭਵਨ ਨੇੜੇ ਮਹਾਰਾਜਾ ਰਣਜੀਤ ਸਿੰਘ ਯਾਦਗਾਰੀ ਗੁਰਦੁਆਰਾ ਦੀਨਾਨਗਰ ਵਿਖੇ ਜ਼ਿਲ੍ਹੇ ਦੀ ਟੀਮ ਦੇ ਨਾਲ ਨਾਲ ਵੱਖ ਵੱਖ ਬਲਾਕਾਂ ਦੇ ਯੂਨਿਟਾਂ ਦੇ ਆਗੂਆਂ ਦੀ ਹਾਜ਼ਰੀ ਵਿੱਚ ਕਰਵਾਈ ਜਾਵੇਗੀ ਅਤੇ ਇਸ ਚੋਣ ਵਿੱਚ ਬਲਾਕ ਭਰ ਦੇ ਪੈਨਸ਼ਨਰ ਸਾਥੀ ਵੀ ਹਾਜ਼ਰ ਹੋਣਗੇ। ਇਸ ਮੌਕੇ ਸਰਵਸ੍ਰੀ ਜੋਗਿੰਦਰ ਪਾਲ ਸੈਣੀ ਪ੍ਰਧਾਨ, ਮੰਗਤ ਚੰਚਲ ਜਨਰਲ ਸਕੱਤਰ, ਜੋਗਿੰਦਰ ਪਾਲ ਕਲੀਜਪੁਰ, ਰੂਪ ਚੰਦ ਸ਼ਰਮਾ, ਵਿਨੋਦ ਸ਼ਰਮਾ, ਕਮਲ ਸਿੰਘ ਅਤੇ ਸੁਨੀਲ ਕੁਮਾਰ ਹਾਜ਼ਰ ਹੋਏ ।

ਕਣਕ ਦੇ ਸਟਾਕ ਨੂੰ ਖੁਰਦ ਬੁਰਦ ਕਰਨ 'ਤੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦਾ ਇੰਸਪੈਕਟਰ ਕਾਬੂ

ਪਠਾਨਕੋਟ (ਦਵਿੰਦਰ ਸਿੰਘ)-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਬੁੱਧਵਾਰ ਨੂੰ ਪਠਾਨਕੋਟ ਵਿਖੇ ਤਾਇਨਾਤ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਇੰਸਪੈਕਟਰ ਸੁਸ਼ੀਲ ਕੁਮਾਰ ਨੂੰ ਵੱਖ-ਵੱਖ ਭਲਾਈ ਸਕੀਮਾਂ ਤਹਿਤ ਸਰਕਾਰ ਵੱਲੋਂ ਅਲਾਟ ਕੀਤੇ ਕਣਕ ਦੇ ਸਟਾਕ ਨੂੰ ਖੁਰਦ ਬੁਰਦ ਕਰਨ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਅੱਜ ਇਥੇ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪੜਤਾਲ ਦੌਰਾਨ ਪਾਇਆ ਗਿਆ ਕਿ ਉਕਤ ਮੁਲਜ਼ਮਾਂ ਨੇ ਕੁੱਲ 2079 ਕੁਇੰਟਲ ਤੋਂ ਵੱਧ ਕਣਕ ਦੇ ਸਟਾਕ ਦੀ ਦੁਰਵਰਤੋਂ ਕੀਤੀ, ਜਿਸ ਨਾਲ ਸਰਕਾਰੀ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਵਿੱਤੀ ਨੁਕਸਾਨ ਹੋਇਆ। ਉਨ੍ਹਾਂ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ਼ ਭ੍ਰਿਸਟਾਚਾਰ ਰੋਕੂ ਕਾਨੂੰਨ ਦੀ ਧਾਰਾ 13(1), 13(2) ਅਤੇ ਆਈ.ਪੀ.ਸੀ ਦੀ ਧਾਰਾ 409 ਤਹਿਤ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਐਫ.ਆਈ.ਨੰਬਰ 14 ਦਰਜ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਅਗਲੇਰੀ ਪੁੱਛਗਿੱਛ ਜਾਰੀ ਹੈ।

ਅਸਲਾ ਜਮ੍ਹਾਂ ਕਰਵਾਉਣ ਸੰਬੰਧੀ ਜਮਹੂਰੀ ਕਿਸਾਨ ਸਭਾ ਦਾ ਵਫਦ ਡੀ ਸੀ ਨੂੰ ਮਿਲਿਆ

ਪੱਟੀ (ਬਲਦੇਵ ਸਿੰਘ ਸੰਧੂ /ਸ਼ਮਸ਼ੇਰ ਸਿੰਘ ਯੋਧਾ) - ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸਰਕਾਰ ਵੱਲੋਂ ਚੋਣਾਂ ਨੂੰ ਅਮਨ ਅਮਾਨ ਨਾਲ ਨੇਪਰੇ ਚਾੜ੍ਹਨ ਲਈ ਲੋਕਾਂ ਨੂੰ ਆਪਣੇ ਲਾਇਸੰਸੀ ਹਥਿਆਰ ਜਮ੍ਹਾਂ ਕਰਵਾਉਣ ਲਈ ਹੁਕਮ ਜਾਰੀ ਕੀਤੇ ਗਏ ਸਨ। ਲਾਇਸੈਂਸ ਹਥਿਆਰ ਜਮ੍ਹਾਂ ਕਰਵਾਉਣ ਨੂੰ ਲੈ ਕੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਮਨਜੀਤ ਸਿੰਘ ਬੱਗੂ ਦੀ ਅਗਵਾਈ ਵਿੱਚ ਡੀ ਸੀ ਸੰਦੀਪ ਕੁਮਾਰ ਨੂੰ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਗਈ ਕਿ ਅਮਨ ਕਾਨੂੰਨ ਦੀ ਹਾਲਤ ਵਿੱਚ ਆਏ ਨਿਘਾਰ, ਚੋਰੀਆਂ, ਲੁੱਟਾਂ ਖੋਹਾਂ, ਡਾਕ, ਫਰੌਤੀਆਂ ਅਤੇ ਕਤਲਾਂ ਵਰਗੀਆਂ ਘਟਨਾਵਾਂ ਜ਼ਿਲ੍ਹੇ ਵਿੱਚ ਚਿੱਟੇ ਦਿਨ ਆਮ ਹੀ ਵਾਪਰ ਰਹੀਆਂ ਹਨ। ਸਮਾਜ ਵਿਰੋਧੀ ਅਨਸਰ ਅਵੈਦ ਹਥਿਆਰਾਂ ਨਾਲ ਆਮ ਲੋਕਾਂ ਦੀ ਲੁੱਟ ਖੋਹ ਕਤਲੇਆਮ ਕਰਦੇ ਹਨ। ਇਨ੍ਹਾਂ ਦੇ ਹੌਸਲੇ ਏਨੇ ਬੁਲੰਦ ਹੋ ਗਏ ਹਨ ਕਿ ਪੁਲਸ ਪਾਰਟੀਆਂ 'ਤੇ ਵੀ ਹਮਲੇ ਕਰਨ ਤੋਂ ਨਹੀਂ ਡਰਦੇ ।ਪਿਛਲੇ ਲੰਮੇ ਸਮੇਂ ਤੋਂ ਬਣੇ ਇਸ ਮਹੌਲ ਵਿਚ ਲੋਕਾਂ ਆਪਣੀ ਸਵੈ ਰੱਖਿਆ ਲਈ ਲਗਭਗ 20 ਹਜ਼ਾਰ ਤੋਂ ਉੱਪਰ ਲਾਇਸੈਂਸੀ ਹਥਿਆਰ ਖਰੀਦੇ ਹਨ ।ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਆਪਣੇ ਖੇਤਾਂ 'ਚ ਹੀ ਰਿਹਾਇਸ਼ੀ ਮਕਾਨ ਬਣਾਏ ਹਨ। ਕਈਆਂ ਨੇ ਸਵੈ ਰੱਖਿਆ ਲਈ ਹਥਿਆਰ ਵੀ ਖਰੀਦ ਲਏ ਹਨ।ਇਸ ਤੋਂ ਇਲਾਵਾ ਇਸ ਪਸਰੇ ਨਸ਼ੇ ਦੇ ਮਾਹੌਲ ਵਿੱਚ ਜਮਹੂਰੀ ਕਿਸਾਨ ਸਭਾ ਸਮੇਤ ਹੋਰ ਆਗੂਆਂ ਅਤੇ ਸਮਾਜਿਕ ਵਰਕਰ ਜਵਾਨੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਅਕਸਰ ਹੀ ਅਵਾਜ਼ ਉਠਾਉਂਦੇ ਰਹਿੰਦੇ ਹਨ। ਵਫਦ ਨੂੰ ਡੀ ਸੀ ਨੇ ਨੂੰ ਭਰੋਸਾ ਦਿਵਾਇਆ ਕਿ ਇਲੈਕਸ਼ਨ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਅਜਿਹੇ ਕੇਸਾਂ ਦੀ ਜ਼ਿਲ੍ਹਾ ਪੁਣਛਾਣ ਕਮੇਟੀ ਦੇ ਨਿਰੀਖਣ ਤੋਂ ਬਾਅਦ ਹਥਿਆਰ ਰੱਖਣ, ਨਾ ਰੱਖਣ ਬਾਰੇ ਫੈਸਲਾ ਕਰੇਗੀ ।ਵਫਦ ਨੇ ਮੰਗ ਕੀਤੀ ਕਿ ਉਪਰੋਕਤ ਕਿਸਮ ਦੇ ਸਾਰੇ ਕੇਸਾਂ ਵਿੱਚ ਹਥਿਆਰ ਜਮ੍ਹਾਂ ਕਰਵਾਉਣ ਤੋਂ ਛੋਟ ਦਿੱਤੀ ਜਾਵੇ ।

ਰਕੇਸ਼ ਭਾਰਦਵਾਜ ਸੋਸ਼ਲ ਮੀਡੀਆ ਪੰਜਾਬ ਦੇ ਜਨਰਲ ਸੈਕਟਰੀ ਤੇ ਪੰਜਾਬ ਟੈਕਨੀਕਲ ਹੈੱਡ ਨਿਯੁਕਤ

ਕਲਾਨੌਰ (ਮਨਦੀਪ ਕੋਹਲੀ)- ਹਲਕਾ ਡੇਰਾ ਬਾਬਾ ਨਾਨਕ ਦੇ ਕਸਬਾ ਕਲਾਨੌਰ ਤੋਂ ਕਾਂਗਰਸੀ ਵਰਕਰ ਰਕੇਸ਼ ਭਾਰਦਵਾਜ ਨੂੰ ਸੋਸ਼ਲ ਮੀਡੀਆ ਪੰਜਾਬ 'ਚ ਜਨਰਲ ਸੈਕਟਰੀ ਅਤੇ ਪੰਜਾਬ ਟੈਕਨੀਕਲ ਮੁਖੀ ਲੱਗਣ 'ਤੇ ਉਨ੍ਹਾਂ ਨੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਹਲਕਾ ਡੇਰਾ ਬਾਬਾ ਨਾਨਕ ਤੋਂ ਕਾਂਗਰਸ ਦੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਕੈਪਟਨ ਸੰਦੀਪ ਸੰਧੂ, ਪੰਜਾਬ ਸੋਸ਼ਲ ਮੀਡੀਆ ਦੇ ਚੇਅਰਮੈਨ ਗੁਰਤੇਜ ਸਿੰਘ ਪੰਨੂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨੇ ਆਖਿਆ ਕਿ ਜਿਹੜੀ ਜ਼ਿੰਮੇਵਾਰੀ ਮੈਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਦਿੱਤੀ ਗਈ ਹੈ ਮੈਂ ਉਸ ਨੂੰ ਇਮਾਨਦਾਰੀ ਨਾਲ ਨਿਭਾਵਾਂਗਾ ਅਤੇ ਆਉਂਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਲਈ ਮਿਹਨਤ ਕਰਾਂਗਾ।

ਭੈਣੀ ਮੀਲਵਾਂ ਦੀ ਸਮੂਹ ਪੰਚਾਇਤ ਆਪ 'ਚ ਸ਼ਾਮਲ

22-MAR-PAGE-12.qxd 3/21/2024 11:06 PM Page 1

ਦਮੜੀ ਸ਼ੋਭਾ ਯਾਤਰਾ ਦਾ ਪੋਸਟਰ ਗੁਰੂ ਰਵਿਦਾਸ ਸਾਧੂ ਸੰਪਰਦਾਇ ਵੱਲੋਂ ਜਾਰੀ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵੱਲੋਂ ਡੇਰਾ ਸੰਤ ਸ਼ੀਤਲ ਦਾਸ ਬੋਹਣ ਵਿਖੇ ਚੇਅਰਮੈਨ ਸੰਤ ਸਰਵਣ ਦਾਸ ਬੋਹਣ, ਸੰਤ ਨਿਰਮਲ ਦਾਸ ਬਾਬੇ ਜੌੜੇ ਦੀ ਅਗਵਾਈ ਹੇਠ 4 ਅਪ੍ਰੈਲ ਤੋਂ 7 ਅਪ੍ਰੈਲ ਤੱਕ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ (ਰਜਿ.) ਸੀ ਬੀ ਐਸ ਸੀ ਚੂਹੜਵਾਲੀ ਆਦਮਪੁਰ ਤੋਂ ਹਰਿਦੁਆਰ ਤੱਕ ਆਰੰਭ ਹੋਣ ਵਾਲੀ ਮਹਾਨ ਦਮੜੀ ਸ਼ੋਭਾ ਯਾਤਰਾ ਦਾ ਪੋਸਟਰ ਜਾਰੀ ਕੀਤਾ।ਇਸ ਮੌਕੇ ਚੇਅਰਮੈਨ ਸੰਤ ਸਰਵਣ ਦਾਸ, ਸੰਤ ਨਿਰਮਲ ਦਾਸ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਸਾਲ ਦੀ ਦਮੜੀ ਸ਼ੋਭਾ ਯਾਤਰਾ 4 ਅਪ੍ਰੈਲ ਤੋਂ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਤੋਂ ਆਰੰਭ ਹੋਵੇਗੀ ਅਤੇ 7 ਅਪ੍ਰੈਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਪ੍ਰਕਾਸ਼ ਪੁਰਬ ਦੇ ਸਮਾਗਮਾਂ ਤੋਂ ਬਾਅਦ ਸੰਗਤਾਂ ਵਾਪਸੀ ਲਈ ਚਾਲੇ ਪਾਉਣਗੀਆਂ।ਉਨ੍ਹਾਂ ਦੱਸਿਆ ਕਿ ਇਸ ਵਾਰ ਮਹਾਨ ਦਮੜੀ ਸ਼ੋਭਾ ਦਾ ਰੂਟ ਜੋ ਕਿ 4 ਅਪ੍ਰੈਲ ਨੂੰ ਸਵੇਰੇ 9 ਵਜੇ ਸ੍ਰੀ ਗੁਰੂ ਰਵਿਦਾਸ ਪਬਲਿਕ ਸਕੂਲ ਚੂਹੜਵਾਲੀ ਤੋਂ ਆਰੰਭ ਹੋ ਕੇ ਆਦਮਪੁਰ,ਭੋਗਪੁਰ, ਹੁਸ਼ਿਆਰਪੁਰ, ਮਾਹਿਲਪੁਰ,ਗੜਸ਼ੰਕਰ ਤੋਂ ਹੋ ਕੇ ਸ੍ਰੀ ਗੁਰੂ ਰਵਿਦਾਸ ਸਦਨ ਸ੍ਰੀ ਖੁਰਾਲਗੜ੍ਹ ਪਹੁੰਚੇਗੀ ਅਤੇ ਇਥੇ ਰਾਤ ਠਹਿਰਣ ਤੋਂ ਬਾਅਦ 5 ਅਪ੍ਰੈਲ ਨੂੰ ਸਵੇਰੇ ਅਮ੍ਰਿੰਤ ਵੇਲੇ ਆਰੰਭ ਹੋ ਕੇ ਸ੍ਰੀ ਅਨੰਦਪੁਰ ਸਾਹਿਬ, ਮੋਹਾਲੀ ਤੋਂ ਹੋ ਕੇ ਹਰਿਦੁਆਰ ਪਹੁੰਚੇਗੀ।ਇਥੇ 6 ਅਪ੍ਰੈਲ ਨੂੰ ਹਰਿ ਕੀ ਪਉੜੀ ਤੱਕ ਸ਼ੋਭਾ ਯਾਤਰਾ ਹੋਵੇਗੀ ਅਤੇ 7 ਅਪ੍ਰੈਲ ਨੂੰ ਸ੍ਰੀ ਅਖੰਡਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਕੀਰਤਨ ਦੇ ਦੀਵਾਨ ਸਜਾਏ ਜਾਣਗੇ।ਉਨ੍ਹਾਂ ਸੰਗਤਾਂ ਨੂੰ ਹੁੰਮ ਹੁਮਾ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਮੌਕੇ ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ, ਸੰਤ ਸਰਵਣ ਦਾਸ ਲੁਧਿਆਣਾ ਸੀਨੀ. ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ , ਸੰਤ ਬਲਵੰਤ ਸਿੰਘ ਡੀਗਰੀਆਂ ਮੀਤ ਪ੍ਰਧਾਨ, ਸੰਤ ਧਰਮ ਪਾਲ ਸ਼ੇਰਗੜ੍ਹ ਸਟੇਜ ਸਕੱਤਰ, ਸੰਤ ਸੰਤੋਖ ਦਾਸ ਭਾਰਟਾ, ਸੰਤ ਕ੍ਰਿਪਾਲ ਦਾਸ ਭਾਰਟਾ, ਸੰਤ ਮਨਜੀਤ ਦਾਸ ਹਿਮਾਚਲ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਨਚਾਰਜ, ਸੰਤ ਮਨਜੀਤ ਦਾਸ ਵਿਛੋਹੀ, ਸੰਤ ਕੁਲਦੀਪ ਦਾਸ ਬਸੀ ਮਰੂਫ, ਸੰਤ ਰਮੇਸ਼ ਦਾਸ ਸ਼ੇਰਪੁਰ, ਸੰਤ ਰਜੇਸ਼ ਦਾਸ ਬਜਵਾੜਾ, ਸੰਤ ਪ੍ਰੇਮ ਦਾਸ ਭਵਿਆਣਾ, ਸੰਤ ਜਸਵੰਤ ਦਾਸ ਰਾਵਲਪਿੰਡੀ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਸਰੂਪ ਸਿੰਘ ਬੋਹਾਨੀ, ਸੰਤ ਬੀਬੀ ਕਮਲੇਸ਼ ਕੌਰ ਨਾਹਲਾਂ, ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ ਪਿਪਲਾਂਵਾਲਾ, ਸੰਤ ਪ੍ਰਮੇਸ਼ਵਰੀ ਦਾਸ ਅਤੇ ਸੰਗਤਾਂ ਹਾਜ਼ਰ ਸਨ।

ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਵਿਖੇ ਹੋਈ ਨਵੇਂ ਵਿਦਿਅਕ ਸੈਸ਼ਨ ਦੀ ਸ਼ੁਰੂਆਤ

ਭੋਗਪੁਰ (ਕੁਲਵੀਰ ਸਿੰਘ ਕਾਹਲੋ):- ਸੈਂਟ ਸੋਲਜਰ ਡਿਵਾਇਨ ਪਬਲਿਕ ਸਕੂਲ ਨੇ ਸਾਲਾਨਾ ਨਤੀਜਿਆਂ ਦਾ ਐਲਾਨ 19 ਮਾਰਚ ਨੂੰ ਕਰ ਦਿੱਤਾ ਗਿਆ। ਇਹਨਾਂ ਨਤੀਜਿਆਂ ਵਿੱਚ ਸਾਰੇ ਵਿਦਿਆਰਥੀਆਂ ਨੇ ਵਧੀਆ ਅੰਕ ਪ੍ਰਾਪਤ ਕੀਤੇ । ਨਵੇਂ ਸੈਸ਼ਨ ਦੀ ਸ਼ੁਰੂਆਤ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਕੀਤੀ ਗਈ। ਵਿਦਿਅਕ ਸੈਸ਼ਨ 2024-2025 ਦੀ ਸ਼ੁਰੂਆਤ ਸੁਖਮਨੀ ਸਾਹਿਬ ਦੇ ਪਾਠ ਕਰਵਾ ਕੇ ਕੀਤੀ ਗਈ। ਸੈਂਟ ਸੋਲਜਰ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਮੈਨ ਪਰਸਨ ਸ਼੍ਰੀਮਤੀ ਸੰਗੀਤਾ ਚੋਪੜਾ ਨੇ ਕਿਹਾ ਕਿ ਸੈਂਟ ਸੋਲਜਰ ਵਿਦਿਅਕ ਸੰਸਥਾਵਾਂ ਬੱਚਿਆਂ ਨੂੰ ਉੱਚ ਕੋਟੀ ਦੀ ਵਿਦਿਆ ਪ੍ਰਦਾਨ ਕਰਨ ਦੇ ਨਾਲ ਨਾਲ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਅਪਨਾਉਣ ਲਈ ਵੀ ਪ੍ਰੇਰਿਤ ਕਰਦੀਆਂ ਹਨ ਤਾਂ ਜੋ ਇੱਕ ਸਿਹਤਮੰਦ ਅਤੇ ਸ਼ਾਂਤੀਪੂਰਨ ਸਮਾਜ ਦੀ ਸਥਾਪਨਾ ਕੀਤੀ ਜਾ ਸਕੇ ।ਸਕੂਲ ਦੇ ਡਾਇਰੈਕਟਰ ਅਮਰੀਕ ਸਿੰਘ ਨੇ ਸਾਰੇ ਬੱਚਿਆਂ ਨੂੰ ਵਧਾਈ ਦਿੰਦਿਆਂ ਅੱਗੇ ਤੋਂ ਹੋਰ ਜਿਆਦਾ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ । ਸੁਖਮਨੀ ਸਾਹਿਬ ਦੇ ਪਾਠ ਸਕੂਲ ਦੇ ਅਧਿਆਪਕਾ ਵੱਲੋਂ ਕੀਤੇ ਗਏ । ਉਪਰੰਤ ਸੰਸਥਾਵਾਂ ਦੇ ਮਿਊਜ਼ਿਕ ਡਾਇਰੈਕਟਰ ਪੀ .ਸੀ. ਰਾਉਤ ਨੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ।

ਕਰਮਯੋਗੀ ਕਾਮਰੇਡ ਤੁਲਸੀ ਰਾਮ

ਕਹਿੰਦੇ ਹਨ ਸਿਆਣਿਆਂ ਦਾ ਕਿਹਾ ਤੇ ਔਲੇ ਦਾ ਖਾਧਾ ਬਾਅਦ ਵਿੱਚ ਹੀ ਸਮਝ ਆਉਂਦਾ ਹੈ। ਇਹ ਕਹਾਵਤ ਬਿਲਕੁਲ ਠੀਕ ਢੁਕਦੀ ਹੈ, ਕਿਉਂਕਿ ਮੈਨੂੰ ਵੀ ਇੱਕ ਉਨ੍ਹਾਂ ਦੀ ਕਹੀ ਹੋਈ ਗੱਲ ਯਾਦ ਆਉਂਦੀ ਹੈ, ਜਦੋਂ ਮੈਂ ਦਸਵੀਂ ਜਮਾਤ ਦੇ ਪੇਪਰ ਦੇਣੇ ਸਨ। ਹਿਸਾਬ ਵਿੱਚ ਮੈਂ ਜ਼ਰਾ ਕਮਜ਼ੋਰ ਸਾਂ ਅਤੇ ਬਾਊ ਜੀ ਦਾ ਹਿਸਾਬ ਵਿਸ਼ਾ ਪਸੰਦੀਦਾ ਸੀ। ਮੈਨੂੰ ਉਨ੍ਹਾਂ ਨੇ ਕਦੇ ਵੀ ਟਿਊਸ਼ਨ ਰੱਖਣ ਨਹੀਂ ਸੀ ਦਿੱਤੀ। ਨਵਾਂ ਜ਼ਮਾਨਾ ਅਤੇ ਪਾਰਟੀ ਦੇ ਕੰਮਾਂ ਵਿੱਚੋਂ ਸਮਾਂ ਕੱਢ ਕੇ ਅਕਸਰ ਮੈਨੂੰ ਪੜ੍ਹਾਇਆ ਕਰਦੇ ਸਨ। ਹਮੇਸ਼ਾ ਮੈਨੂੰ ਇਹੋ ਕਿਹਾ ਕਰਦੇ ਸਨ ਕਿ ਪੜ੍ਹੇ ਬਿਨਾਂ ਨਹੀਂ ਸਰਨਾ। ਹਿਸਾਬ ਤੇ ਸਾਇੰਸ ਬਸ ਇਹੀ ਦੋ ਵਿਸ਼ੇ ਨੇ, ਜੇ ਇਨ੍ਹਾਂ ਉੱਤੇ ਜ਼ੋਰ ਲਗਾ ਦੇਵੇਂਗੀ ਤਾਂ ਜ਼ਿੰਦਗੀ ਵਿੱਚ ਕਦੇ ਪਿੱਛੇ ਨਹੀਂ ਰਹੋਂਗੀ, ਪਰ ਮੈਂ ਆਮ ਬੱਚਿਆਂ ਵਾਂਗ ਗੱਲ ਨੂੰ ਅਣਗੌਲਾ ਕਰ ਦੇਣਾ। ਪੇਪਰਾਂ ਦੇ ਹਿਸਾਬ ਨਾਲ ਮੈਂ ਤਿਆਰੀ ਕਰਕੇ ਪਾਸ ਤਾਂ ਹੋ ਗਈ, ਪਰ ਅੱਗੇ ਕਿਹੜੇ ਵਿਸ਼ੇ ਰੱਖਣੇ ਹਨ, ਇਹ ਵੱਡਾ ਮਸਲਾ ਸੀ। ਬਾਊ ਜੀ ਚਾਹੁੰਦੇ ਸਨ ਕਿ ਮੈਂ ਮੈਡੀਕਲ ਜਾਂ ਨਾਨ-ਮੈਡੀਕਲ ਰੱਖਾਂ, ਪਰ ਮੈਂ ਨਹੀਂ ਮੰਨੀ। ਮੈਂ ਆਪਣੀ ਪਸੰਦ ਦੇ ਵਿਸ਼ੇ ਰੱਖੇ। ਉਨ੍ਹਾਂ ਨੇ ਮੇਰੇ ਹਰੇਕ ਫੈਸਲੇ ਵਿੱਚ ਮੇਰਾ ਸਾਥ ਦਿੱਤਾ। ਬਾਊ ਜੀ ਅਕਸਰ ਕਿਹਾ ਕਰਦੇ ਸਨ ਕਿ ਬੱਚਿਆਂ 'ਤੇ ਕਦੇ ਆਪਣੇ ਫੈਸਲੇ ਥੋਪੋ ਨਾ, ਬਲਕਿ ਆਪਣੀ ਸਿਰਫ਼ ਰਾਏ ਦਿਓ। ਬਾਕੀ ਬੱਚੇ ਨੂੰ ਆਪਣੀ ਮਰਜ਼ੀ ਕਰਨ ਦਿਓ। ਮੇਰੇ ਨਾਲ ਵੀ ਏਦਾਂ ਹੀ ਹੋਇਆ। ਮੈਂ ਆਪਣੀ ਮਰਜ਼ੀ ਦੇ ਵਿਸ਼ੇ ਲਏ ਤੇ ਬਾਅਦ ਵਿੱਚ ਪੱਤਰਕਾਰੀ ਵਿੱਚ ਮਾਸਟਰ ਡਿਗਰੀ ਲਈ। ਉਨ੍ਹਾਂ ਨੇ ਮੇਰਾ ਇਸ ਵਿੱਚ ਵੀ ਪੂਰਾ ਸਾਥ ਦਿੱਤਾ। ਆਪਣੀ ਚੰਗੀ ਨਸੀਹਤ ਨਾਲ ਮੇਰੇ ਅੰਦਰ ਅਥਾਹ ਜੋਸ਼ ਭਰਿਆ। ਉਨ੍ਹਾ ਦੀ ਹੀ ਸੇਧ ਸਦਕਾ ਮੈਂ ਜ਼ਿੰਦਗੀ ਦੇ ਡਾਵਾਂਡੋਲ ਰਾਹਾਂ 'ਤੇ ਚੱਲਦਿਆਂ ਕੁੜੀਆਂ ਪ੍ਰਤੀ ਰੀਤੀ-ਰਿਵਾਜਾਂ ਨੂੰ ਬਦਲਦਿਆਂ, ਕਈ ਚੈਨਲਾਂ ਵਿੱਚ ਪੱਤਰਕਾਰੀ ਕੀਤੀ, ਅਕਾਸ਼ਵਾਣੀ ਵਿੱਚ ਕੰਮ ਕੀਤਾ, ਪਰ ਹੁਣ ਕਦੇ-ਕਦੇ ਇਹ ਮਹਿਸੂਸ ਹੁੰਦਾ ਹੈ ਕਿ ਜੇਕਰ ਉਨ੍ਹਾਂ ਮੁਤਾਬਕ ਵਿਸ਼ਿਆਂ ਦੀ ਚੋਣ ਕਰਕੇ ਪੜ੍ਹੀ ਹੁੰਦੀ ਤਾਂ ਸ਼ਾਇਦ ਵੱਧ ਸਫ਼ਲ ਹੋਣਾ ਸੀ। ਖੈਰ ਤਾਂ ਹੀ ਕਹਿੰਦੇ ਹਨ ਕਿ ਸਿਆਣਿਆਂ ਦਾ ਕਿਹਾ ਤੇ ਔਲੇ ਦਾ ਖਾਧਾ ਬਾਅਦ ਵਿੱਚ ਪਤਾ ਲੱਗਦਾ ਹੈ।

ਸ਼ੀਤਲ ਠਾਕਰ

 # ਸੰਪਰਕ : 98886-79062

ਸ਼੍ਰੋਮਣੀ ਕਮੇਟੀ ਵੱਲੋਂ ਹੋਲੇ ਮਹੱਲੇ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਇਸ ਵਾਰ ਕੌਮੀ ਤਿਉਹਾਰ ਹੋਲਾ ਮਹੱਲਾ 21 ਮਾਰਚ ਤੋਂ 23 ਤੱਕ ਕੀਰਤਪੁਰ ਸਾਹਿਬ ਅਤੇ 24 ਤੋਂ 26 ਮਾਰਚ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਵੱਲੋਂ ਸਮੁੱਚੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ ਹੈ ਤੇ ਲੋੜੀਦੀਆਂ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ ਰੋਡੇ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਦੀਆਂ ਹਿਦਾਇਤਾਂ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹੋਲੇ ਮਹੱਲੇ ਮੌਕੇ ਆਉਣ ਵਾਲੀਆਂ ਸੰਗਤਾਂ ਲਈ ਜਰੂਰੀ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀ ਘਟਨਾ ਨਾ ਵਾਪਰੇ ਪਰ ਜੇਕਰ ਕੁਝ ਅਜਿਹਾ ਹੁੰਦਾ ਹੈ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਸ਼ਰਧਾਲੂਆਂ ਦਾ ਬੀਮਾ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ 20 ਕਿਲੋਮੀਟਰ ਏਰੀਏ ਵਿੱਚ ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਘਟਨਾ ਵਾਪਰਦੀ ਹੈ ਤਾਂ ਉਸ ਲਈ ਸ਼ਰਧਾਲੂਆਂ ਦਾ ਬੀਮਾ ਕਰਵਾ ਦਿਤਾ ਗਿਆ ਹੈ। ਉਨ੍ਹਾਂ ਕਿਹਾ ਸੰਗਤਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।ਇਸ ਮੌਕੇ ਐਡੀਸ਼ਨਲ ਮੈਨੇਜਰ ਹਰਦੇਵ ਸਿੰਘ, ਮੀਤ ਮੈਨੇਜਰ ਕਰਮਜੀਤ ਸਿੰਘ, ਭੁਪਿੰਦਰ ਸਿੰਘ ਰਿਕਾਰਡ ਕੀਪਰ, ਸਰੂਪ ਸਿੰਘ, ਅਮਨਦੀਪ ਸਿੰਘ, ਕਰਨੈਲ ਸਿੰਘ, ਜਗਨੰਦਨ ਸਿੰਘ, ਦਵਿੰਦਰ ਸਿੰਘ ਢਿੱਲੋਂ, ਭੁਪਿੰਦਰ ਸਿੰਘ ਖਜਾਨਚੀ, ਸੁਖਬੀਰ ਸਿੰਘ ਕਲਮਾ ਆਦਿ ਸਟਾਫ ਮੈਂਬਰ ਹਾਜ਼ਰ ਸਨ।

ਸ਼ਹੀਦ ਬਾਬਾ ਮੱਤੀ ਮੈਮੋਰੀਅਲ ਹਾਈ ਸਕੂਲ ਡਰੋਲੀ ਕਲਾ ਦਾ ਸੰਤ-ਮਹਾਪੁਰਸ਼ਾਂ ਵੱਲੋਂ ਉਦਘਾਟਨ

ਆਦਮਪੁਰ (ਪਰਮਜੀਤ ਸਿੰਘ)- ਸਿੱਖੀ ਨੂੰ ਪ੍ਰਫੁੱਲਤ ਕਰਨ ਵਾਲਾ ਇਲਾਕੇ ਦਾ ਪਹਿਲਾ ਸ਼ਹੀਦ ਬਾਬਾ ਮੱਤੀ ਮੈਮੋਰੀਅਲ ਹਾਈ ਸਕੂਲ ਡਰੋਲੀ ਕਲਾ ਦਾ ਰਸਮੀ ਉਦਘਾਟਨ ਸੰਤ ਮਹਾਪੁਰਸ਼ਾਂ ਵਲੋਂ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਦੀ ਅਗਵਾਈ ਹੇਠ ਉਦਘਾਟਨ ਕੀਤਾ ਗਿਆ।ਉਦਘਾਟਨੀ ਸਮਾਗਮ ਤੋਂ ਪਹਿਲਾ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ, ਜਿਸ ਵਿਚ ਸਮੂਹ ਇਲਾਕਾ ਵਾਸੀ ਬੱਚਿਆਂ ਦੇ ਪਰਵਾਰ ਮੈਂਬਰਾਂ ਸਮੇਤ ਸਕੂਲੀ ਸਟਾਫ ਹਾਜ਼ਰ ਹੋਇਆ।ਸਮਾਪਤੀ ਉਪਰੰਤ ਸੰਤ ਬਾਬਾ ਜਨਕ ਸਿੰਘ ਮੁੱਖੀ ਡੇਰਾ ਬਾਬਾ ਭਾਗ ਸਿੰਘ ਜੱਬੜ ਸਾਹਿਬ ਅਤੇ ਸੰਤ ਬਾਬਾ ਮੋਹਨ ਸਿੰਘ ਵਾਈਸ ਚਾਂਸਲਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਲੋਂ ਪੜਾਈ ਵਿਚ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਜਥੇਦਾਰ ਮਨੋਹਰ ਸਿੰਘ ਨੇ ਦੱਸਿਆ ਕਿ ਸ਼ਹੀਦ ਬਾਬਾ ਮੱਤੀ ਜੀ ਮੈਮੋਰੀਅਲ ਹਾਈ ਸਕੂਲ ਨੂੰ ਗੁਰਦੁਆਰਾ ਸ਼ਹੀਦ ਬਾਬਾ ਮੱਤੀ ਪ੍ਰਬੰਧਕ ਕਮੇਟੀ ਡਰੋਲੀ ਕਲਾ ਵਲੋਂ ਆਪਣੇ ਅਧੀਨ ਕਰ ਲਿਆ ਗਿਆ ਹੈ।ਜਿਸ ਦੀ ਬਿਲਡਿੰਗ ਨੂੰ ਲੱਖਾਂ ਰੁਪਏ ਲਾ ਕੇ ਦੁਬਾਰਾ ਤਿਆਰ ਕੀਤਾ ਗਿਆ ਹੈ। ਇਸ ਮੌਕੇ ਸਰਪੰਚ ਰਛਪਾਲ ਸਿੰਘ, ਨਰਿੰਦਰ ਸਿੰਘ ਨਿੰਦੀ, ਜਰਨੈਲ ਸਿੰਘ, ਮੱਖਣ ਸਿੰਘ, ਡਾ ਰਣਧੀਰ ਸਿੰਘ ਰੰਧਾਵਾ,ਅਜਿੰਦਰ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਕਮਲਜੀਤ ਸਿੰਘ ਸਮੇਤ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਸਕੂਲੀ ਸਟਾਫ ਮੈਂਬਰ ਹਾਜ਼ਰ ਸਨ।

ਕਵੀਸ਼ਰੀ ਜੱਥਾ ਰਸੂਲਪੁਰ ਦੇ ਬਾਨੀ ਅਮਰਜੀਤ ਪ੍ਰਦੇਸੀ ਰਸੂਲਪੁਰੀ ਨਹੀਂ ਰਹੇ

ਅੰਤਿਮ ਵਿਦਾਇਗੀ ਭਲਕੇ 12 ਵਜੇ

ਜਗਰਾਓਂ : ਅਮਰਜੀਤ ਪ੍ਰਦੇਸੀ ਨੇ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੀ ਅਜੇਹੀ ਨੀਂਹ ਰੱਖੀ ਜਿਸਨੂੰ ਬੀਤੇ ਚਾਰ ਦਹਾਕਿਆਂ ਅੰਦਰ ਆਏ ਅਨੇਕਾਂ ਸਿਆਸੀ ਭੁਚਾਲ਼ ਝਟਕੇ ਹਿਲਾ ਨਹੀਂ ਸਕੇ।ਅਮਰਜੀਤ ਪ੍ਰਦੇਸੀ ਦਾ ਪੂਰਾ ਪਰਵਾਰ ਅਗਲੀ ਪੀੜ੍ਹੀ ਦਰ ਪੀੜ੍ਹੀ ਨੇ ਇਨਕਲਾਬੀ ਕਵੀਸ਼ਰੀ ਦੀ ਆਵਾਜ਼ ਬੁਲੰਦ ਰੱਖੀ।ਉਹਨਾਂ ਦੀਆਂ ਕਿਤਾਬਾਂ, ਕੈਸਿਟਾਂ, ਫ਼ਿਲਮਾਂ ਵਿਚ ਕਵੀਸ਼ਰੀ ਜਥੇ ਦੀਆਂ ਆਵਾਜ਼ਾਂ, ਕਿਰਤੀ ਲੋਕਾਂ ਦੀ ਮੁਕਤੀ ਦਾ ਚਿੰਨ੍ਹ ਬਣ ਕੇ ਅੰਬਰ ਤੇ ਛਾਈਆਂ ਹਨ।ਅਮਰਜੀਤ ਭਾਵੇਂ ਅੱਜ ਸਾਡੇ ਕਾਫ਼ਲੇ ਨੂੰ ਅਲਵਿਦਾ ਕਹਿ ਗਏ ਪਰ ਉਹਨਾਂ ਦੀ ਕਲਮ ਅਤੇ ਆਵਾਜ਼ ਸਦਾ ਸਲਾਮਤ ਰਹੇਗੀ।ਉਹਨਾਂ ਦੀ ਅੰਤਿਮ ਵਿਦਾਇਗੀ ਭਲਕੇ ਦਿਨੇ 12 ਵਜੇ ਪਿੰਡ ਰਸੂਲਪੁਰ (ਨੇੜੇ ਜਗਰਾਓਂ) ਹੋਏਗੀ।ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਤੀਨਿਧਾਂ ਨੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਅਮਰਜੀਤ ਪ੍ਰਦੇਸੀ ਦੇ ਵਿਛੋੜੇ ਮੌਕੇ ਸ਼ੋਕ ਬੈਠਕ ਕਰਕੇ ਪਰਿਵਾਰ, ਸਾਕ ਸਬੰਧੀਆਂ ਅਤੇ ਸੰਗੀ ਸਾਥੀਆਂ ਨਾਲ਼ ਦੁੱਖ ਸਾਂਝਾ ਕੀਤਾ ਅਤੇ ਅਮਰਜੀਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ

ਕਰਤਾਰਪੁਰ (ਹਰਮੇਸ਼ ਦੱਤ) ਮਹਿੰਦਰਾ ਪਬਲਿਕ ਸੀਨੀਅਰ ਸਕੈਂਡਰੀ ਸਕੂਲ ਦਿਆਲਪੁਰ ਜਿਲ੍ਹਾ ਕਪੂਰਥਲਾ ਕੈਂਪਸ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਦਿਅਕ ਸੈਸ਼ਨ ਦੀ ਸ਼ੁਰਆਤ ਮੌਕੇ ਸਕੂਲ ਸਟਾਫ ਪ੍ਰਬੰਧਕਾ ਅਤੇ ਵਿਦਿਆਰਥੀਆਂ ਦੇ ਭਲੇ ਤੇ ਸੁੱਖ ਸ਼ਾਂਤੀ ਲਈ ਤੇ ਚੜ੍ਹਦੀ ਕਲਾ ਲਈ ਗੁਰੂ ਸਾਹਿਬ